# Punjab Government Gazette

## EXTRAORDINARY

*Published by Authority*

CHANDIGARH, MONDAY, JANUARY 12, 2026
(PAUSA 22, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | ਐਕਟ | |
| | 1. ਪੰਜਾਬ ਚੁੱਕਵੀਂ ਸੰਪੱਤੀ ਦਾ ਅਧਿਗ੍ਰਹਿਣ ਅਤੇ ਅਰਜਨ ਐਕਟ, 1978 (1978 ਦਾ ਪੰਜਾਬ ਐਕਟ ਨੰ. 35) | ... 11-18 |
| | 2. ਦੇਸ਼ ਭਗਤ ਯੂਨੀਵਰਸਿਟੀ ਐਕਟ, 2012 (2013 ਦਾ ਪੰਜਾਬ ਐਕਟ ਨੰ. 15) | ... 19-43 |
| ਭਾਗ II | ਆਰਡੀਨੈਂਸ | |
| | *ਕੋਈ ਨਹੀਂ* | |
| ਭਾਗ III | ਅਧੀਨ ਵਿਧਾਨਕਾਰੀ | |
| | *ਕੋਈ ਨਹੀਂ* | |
| ਭਾਗ IV | ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | *ਕੋਈ ਨਹੀਂ* | |


———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਜਨਵਰੀ, 2026

**ਨੰ. 04/ਭ:ਕ/2026.-** ਪੰਜਾਬ ਚੁੱਕਵੀਂ ਸੰਪੱਤੀ ਦਾ ਅਧਿਗ੍ਰਹਿਣ ਅਤੇ ਅਰਜਨ ਐਕਟ, 1978 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 9th January, 2026

**No. 04/L.C./2026.-** The Translation in Punjabi of the Punjab Requisitioning and Acquisition of Moveable Property Act, 1978 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਚੁੱਕਵੀਂ ਸੰਪੱਤੀ ਦਾ ਅਧਿਗ੍ਰਹਿਣ ਅਤੇ ਅਰਜਨ ਐਕਟ, 1978

(1978 ਦਾ ਪੰਜਾਬ ਐਕਟ ਨੰ. 35)

ਪੰਜਾਬ ਰਾਜ ਵਿੱਚ ਚੁੱਕਵੀਂ ਸੰਪੱਤੀ ਦੇ ਅਧਿਗ੍ਰਹਿਣ ਅਤੇ ਅਰਜਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਨੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ;

1. (1) ਇਸ ਐਕਟ ਨੂੰ ਪੰਜਾਬ ਚੁੱਕਵੀਂ ਸੰਪੱਤੀ ਦਾ ਅਧਿਗ੍ਰਹਿਣ ਅਤੇ ਅਰਜਨ ਐਕਟ, 1978 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਵਿਸਤਾਰ ।

(2) ਇਸਦਾ ਵਿਸਤਾਰ ਸਾਰੇ ਪੰਜਾਬ ਰਾਜ 'ਤੇ ਹੈ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਕੋਈ ਅਧਿਕਾਰੀ, ਜੋ ਜ਼ਿਲ੍ਹਾ ਮੈਜਿਸਟਰੇਟ ਦੇ ਦਰਜੇ ਤੋਂ ਥੱਲੇ ਦਾ ਨਾ ਹੋਵੇ, ਜਿਸਨੂੰ ਸਰਕਾਰ ਦੁਆਰਾ, ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਅਜਿਹੇ ਖੇਤਰ ਲਈ ਸ਼ਕਤਵਾਨ ਅਥਾਰਟੀ ਦੇ ਕਾਜਕਾਰ ਨਿਭਾਉਣ ਲਈ ਜਿਵੇਂ ਅਧਿਸੂਚਨਾ ਵਿੱਚ ਉਲਿੱਖਤ ਕੀਤਾ ਜਾਵੇ, ਅਧਿਕਾਰਤ ਕੀਤਾ ਹੋਵੇ;

(ਅ) "ਕਮਿਸ਼ਨਰ" ਦਾ ਮਤਲਬ ਹੈ ਡਵੀਜ਼ਨ ਦਾ ਕਮਿਸ਼ਨਰ;

(ੲ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਸ) "ਮੋਟਰ ਗੱਡੀ" ਦਾ ਉਹ ਮਤਲਬ ਹੋਵੇਗਾ ਜੋ ਮੋਟਰ ਗੱਡੀ ਐਕਟ, 1939 ਦੀ ਧਾਰਾ 2 ਦੇ ਖੰਡ (18) ਵਿੱਚ ਇਸਨੂੰ ਦਿੱਤਾ ਗਿਆ ਹੈ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ।

ਚੁੱਕਵੀਂ ਸੰਪੱਤੀ ਦੇ ਅਧਿਗ੍ਰਹਿਣ ਦੀ ਸ਼ਕਤੀ।

3. (1) ਜਿੱਥੇ ਸ਼ਕਤਵਾਨ ਅਥਾਰਟੀ ਦੀ ਰਾਇ ਹੈ ਕਿ ਸਮਾਜਕ ਜੀਵਨ ਲਈ ਜ਼ਰੂਰੀ ਸੇਵਾਵਾਂ ਅਤੇ ਪੂਰਤੀਆਂ ਦੀ ਸੰਭਾਲ ਜਾਂ ਸੁਧਾਰ ਲਈ ਜਾਂ ਹੜ੍ਹਾਂ ਜਾਂ ਕਿਸੇ ਹੋਰ ਕੁਦਰਤੀ ਆਫ਼ਤ, ਦੰਗਿਆਂ ਜਾਂ ਹੜਤਾਲਾਂ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਜਾਂ ਚੋਣਾਂ ਦੇ ਕੁਸ਼ਲ ਸੰਚਾਲਨ ਲਈ, ਜਾਂ ਕਿਸੇ ਹੋਰ ਜਨਤਕ ਪ੍ਰਯੋਜਨ ਲਈ ਅਜਿਹਾ ਕਰਨਾ ਜ਼ਰੂਰੀ ਜਾਂ ਕਾਲ-ਉੱਚਿਤ ਹੈ, ਤਾਂ ਉਹ, ਲਿਖਤੀ ਹੁਕਮ ਦੁਆਰਾ, ਕਿਸੇ ਚੁੱਕਵੀਂ ਸੰਪੱਤੀ ਦਾ ਅਧਿਗ੍ਰਹਿਣ ਕਰ ਸਕਦੀ ਹੈ ਅਤੇ ਅਧਿਗ੍ਰਹਿਣ ਨਾਲ ਤੱਲਕ ਰੱਖਦੇ ਅਜਿਹੇ ਹੋਰ ਹੁਕਮ ਦੇ ਸਕਦੀ ਹੈ ਜੋ ਉਸਨੂੰ ਜ਼ਰੂਰੀ ਜਾਂ ਕਾਲ-ਉੱਚਿਤ ਪ੍ਰਤੀਤ ਹੋਣ:

ਪਰੰਤੂ ਧਾਰਮਿਕ ਉਪਾਸਨਾ ਦੇ ਪ੍ਰਯੋਜਨ ਲਈ ਵਰਤੀ ਜਾਣ ਵਾਲੀ ਕੋਈ ਸੰਪੱਤੀ, ਇੱਕ ਅੰਤਰ-ਰਾਜੀ ਪਰਮਿਟ ਤੇ ਚੱਲਣ ਵਾਲੀ ਕੋਈ ਮੋਟਰ-ਗੱਡੀ ਜਾਂ ਅਜਿਹੀ ਗੱਡੀ ਦਾ ਅੰਤਰ-ਰਾਜੀ ਪਰਮਿਟ ਅਤੇ ਕੋਈ ਵੀ ਏਅਰ-ਕਰਾਫ਼ਟ ਜਾਂ ਏਅਰ-ਕਰਾਫ਼ਟ ਦੇ ਭਾਗ ਰੂਪ ਵਿੱਚ ਸ਼ਾਮਲ ਕੋਈ ਚੀਜ਼ ਜਾਂ ਏਅਰ ਕਰਾਫ਼ਟ ਦੇ ਅਮਲ, ਮੁਰੰਮਤ ਜਾਂ ਸੰਭਾਲ ਨਾਲ ਮੁਤੱਲਕ ਹੈ, ਦਾ ਅਧਿਗ੍ਰਹਿਣ ਨਹੀਂ ਹੋਵੇਗਾ।

(2) ਜਿੱਥੇ ਸ਼ਕਤਵਾਨ ਅਥਾਰਟੀ ਨੇ ਉਪ-ਧਾਰਾ (1) ਅਧੀਨ ਕੋਈ ਸੰਪੱਤੀ ਅਧਿਗ੍ਰਹਿਣ ਕੀਤੀ ਹੈ, ਉਹ ਅਧਿਗ੍ਰਹਿਣ ਦੀ ਮੁੱਦਤ ਲਈ ਸਰਕਾਰ ਵਿੱਚ ਨਿਹਿਤ ਹੋਵੇਗੀ ਅਤੇ ਸਰਕਾਰ ਇਸਦੀ ਵਰਤੋਂ ਜਾਂ ਇਸ ਨਾਲ ਅਜਿਹੇ ਤਰੀਕੇ ਨਾਲ ਨਜਿੱਠ ਸਕੇਗੀ ਜਿਵੇਂ ਉਸਨੂੰ ਉਚਿਤ ਲੱਗੇ।

ਅਧਿਗ੍ਰਹਿਣ ਤੋਂ ਛੁਟਕਾਰਾ।

4. (1) ਸ਼ਕਤਵਾਨ ਅਥਾਰਟੀ, ਕਿਸੇ ਵੀ ਸਮੇਂ, ਧਾਰਾ 3 ਅਧੀਨ ਅਧਿਗ੍ਰਹਿਣ ਕੀਤੀ ਗਈ ਕਿਸੇ ਵੀ ਸੰਪੱਤੀ ਨੂੰ ਅਧਿਗ੍ਰਹਿਣ ਤੋਂ ਮੁਕਤ ਕਰ ਸਕੇਗੀ ਅਤੇ, ਜਿੱਥੋਂ ਤੱਕ ਸੰਭਵ ਹੋ ਸਕੇ, ਕੇਵਲ ਵਾਜਬ ਟੁੱਟ-ਭੱਜ ਕਾਰਨ ਹੋਈਆਂ ਤਬਦੀਲੀਆਂ ਦੇ ਤਾਬੇ, ਸੰਪੱਤੀ ਨੂੰ ਉਸੇ ਤਰ੍ਹਾਂ ਦੀ ਚੰਗੀ ਹਾਲਤ ਵਿੱਚ ਬਹਾਲ ਕਰੇਗੀ ਜਿਵੇਂ ਕਿ ਇਹ ਉਸ ਸਮੇਂ ਸੀ ਜਦੋਂ ਇਸਦਾ ਕਬਜ਼ਾ ਲਿਆ ਗਿਆ ਸੀ।

(2) ਜਿੱਥੇ ਕਿਸੇ ਸੰਪੱਤੀ ਨੂੰ ਅਧਿਗ੍ਰਹਿਣ ਤੋਂ ਮੁਕਤ ਕੀਤਾ ਜਾਣਾ ਹੈ, ਸ਼ਕਤਵਾਨ ਅਥਾਰਟੀ, ਅਜਿਹੀ ਜਾਂਚ ਪਿੱਛੋਂ, ਜੇ ਕੋਈ ਹੋਵੇ, ਜਿਵੇਂ ਕਿ ਇਹ ਕਿਸੇ ਵੀ ਸੂਰਤ ਵਿੱਚ, ਕਰਨੀ ਜਾਂ ਕਾਰਤ ਕਰਵਾਉਣੀ ਜ਼ਰੂਰੀ ਸਮਝੇ, ਲਿਖਤੀ ਹੁਕਮ ਦੁਆਰਾ ਉਸ ਵਿਅਕਤੀ ਨੂੰ ਉਲਿੱਖਤ ਕਰ ਸਕਦਾ ਹੈ ਜਿਸਨੂੰ ਸੰਪੱਤੀ ਦਾ ਕਬਜ਼ਾ ਦਿੱਤਾ ਜਾਵੇਗਾ ਅਤੇ ਅਜਿਹਾ ਕਬਜ਼ਾ, ਜਿੱਥੋਂ ਤੱਕ ਅਮਲਯੋਗ ਹੋ ਸਕੇ, ਉਸ ਵਿਅਕਤੀ ਜਾਂ ਅਜਿਹੇ ਵਿਅਕਤੀ ਦੇ ਹਿਤ-ਉੱਤਰਾਧਿਕਾਰੀ ਨੂੰ ਦਿੱਤਾ ਜਾਵੇਗਾ ਜਿਸ ਤੋਂ ਅਧਿਗ੍ਰਹਿਣ ਦੇ ਸਮੇਂ ਕਬਜ਼ਾ ਲਿਆ ਗਿਆ ਸੀ।

(3) ਉਪ-ਧਾਰਾ (2) ਅਧੀਨ ਕੀਤੇ ਗਏ ਹੁਕਮ ਵਿੱਚ ਉਲਿਖਤ ਕੀਤੇ ਗਏ ਵਿਅਕਤੀ ਨੂੰ ਅਧਿਗ੍ਰਹਿਣ ਕੀਤੀ ਗਈ ਸੰਪੱਤੀ ਦੇ ਕਬਜ਼ੇ ਦੀ ਹਵਾਲਗੀ ਸਰਕਾਰ ਨੂੰ ਅਜਿਹੀ ਸੰਪੱਤੀ ਦੇ ਬਾਰੇ ਸਾਰੀਆਂ ਦੇਣਦਾਰੀਆਂ ਤੋਂ ਪੂਰਨ ਨਿਸਤਾਰਾ ਹੋਵੇਗਾ:

ਪਰੰਤੂ ਇਸ ਧਾਰਾ ਵਿੱਚ ਕੁਝ ਵੀ ਉਸ ਸੰਪੱਤੀ ਦੇ ਬਾਰੇ ਕਿਸੇ ਵੀ ਅਧਿਕਾਰ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਾਵੇਗਾ ਜਿਹੜਾ ਕੋਈ ਹੋਰ ਵਿਅਕਤੀ ਕਾਨੂੰਨ ਦੇ ਯੋਗ ਅਮਲ ਦੁਆਰਾ ਉਸ ਵਿਅਕਤੀ ਦੇ ਵਿਰੁੱਧ ਨਾਫ਼ਜ਼ ਕਰਨ ਦਾ ਹੱਕਦਾਰ ਹੋਵੇ ਜਿਸਨੂੰ ਇਸ ਤਰ੍ਹਾਂ ਸੰਪੱਤੀ ਦਾ ਕਬਜ਼ਾ ਸੌਂਪਿਆ ਗਿਆ ਹੈ।

(4) ਜਿੱਥੇ ਉਹ ਵਿਅਕਤੀ ਜਿਸਨੂੰ ਕਿਸੇ ਵੀ ਅਧਿਗ੍ਰਹਿਣ ਕੀਤੀ ਗਈ ਸੰਪੱਤੀ ਦਾ ਕਬਜ਼ਾ ਦਿੱਤਾ ਜਾਣਾ ਹੈ, ਨਹੀਂ ਮਿਲਦਾ ਅਤੇ ਉਸਦੇ ਨਮਿੱਤ ਹਵਾਲਗੀ ਸਵੀਕਾਰ ਕਰਨ ਲਈ ਅਧਿਕਾਰਤ ਉਸ ਦਾ ਕੋਈ ਕਾਨੂੰਨੀ ਏਜੰਟ ਜਾਂ ਹੋਰ ਵਿਅਕਤੀ ਨਹੀਂ ਹੈ, ਸ਼ਕਤਵਾਨ ਅਥਾਰਟੀ ਸਰਕਾਰੀ ਗਜ਼ਟ ਵਿੱਚ ਇੱਕ ਨੋਟਿਸ ਪ੍ਰਕਾਸ਼ਤ ਕਰਵਾਏਗੀ, ਜਿਸ ਵਿੱਚ ਐਲਾਨ ਕੀਤਾ ਜਾਵੇਗਾ ਕਿ ਸੰਪੱਤੀ ਅਧਿਗ੍ਰਹਿਣ ਤੋਂ ਮੁਕਤ ਹੈ।

(5) ਜਦੋਂ ਉਪ-ਧਾਰਾ (4) ਵਿੱਚ ਹਵਾਲਾ ਦਿੱਤਾ ਗਿਆ ਨੋਟਿਸ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਂਦਾ ਹੈ, ਤਾਂ ਅਜਿਹੇ ਨੋਟਿਸ ਵਿੱਚ ਉਲਿਖਤ ਕੀਤੀ ਗਈ ਸੰਪੱਤੀ ਅਜਿਹੇ ਪ੍ਰਕਾਸ਼ਨ ਦੀ ਤਰੀਕ ਨੂੰ ਅਤੇ ਤੋਂ ਅਧਿਗ੍ਰਹਿਣ ਦੇ ਤਾਬੇ ਨਹੀਂ ਰਹੇਗੀ ਅਤੇ ਇਸਨੂੰ ਉਸਦੇ ਕਬਜ਼ੇ ਦੇ ਹੱਕਦਾਰ ਵਿਅਕਤੀ ਨੂੰ ਸੌਂਪ ਦਿੱਤਾ ਗਿਆ ਸਮਝਿਆ ਜਾਵੇਗਾ ਅਤੇ ਸਰਕਾਰ ਉਕਤ ਤਰੀਕ ਪਿੱਛੋਂ ਕਿਸੇ ਵੀ ਮੁੱਦਤ ਲਈ ਸੰਪੱਤੀ ਦੇ ਬਾਰੇ ਕਿਸੇ ਵੀ ਮੁਆਵਜ਼ੇ ਜਾਂ ਹੋਰ ਦਾਅਵਿਆਂ ਲਈ ਭਾਗੀ ਨਹੀਂ ਹੋਵੇਗੀ।

ਅਧਿਗ੍ਰਹਿਣ ਕੀਤੀ ਗਈ ਸੰਪੱਤੀ ਅਰਜਤ ਕਰਨ ਦੀ ਸ਼ਕਤੀ।

5. (1) ਜਿੱਥੇ ਕੋਈ ਸੰਪੱਤੀ ਅਧਿਗ੍ਰਹਿਣ ਦੇ ਤਾਬੇ ਹੈ, ਤਾਂ ਸ਼ਕਤਵਾਨ ਅਥਾਰਟੀ, ਜੇ ਉਸਦੀ ਰਾਏ ਹੈ ਕਿ ਧਾਰਾ 3 ਵਿੱਚ ਹਵਾਲਾ ਦਿੱਤੇ ਕਿਸੇ ਵੀ ਪ੍ਰਯੋਜਨਾਂ ਲਈ ਸੰਪੱਤੀ ਅਰਜਤ ਕਰਨਾ ਜ਼ਰੂਰੀ ਹੈ, ਕਿਸੇ ਵੀ ਸਮੇਂ ਸਰਕਾਰੀ ਗਜ਼ਟ ਵਿੱਚ ਇਸ ਭਾਵ ਦਾ ਨੋਟਿਸ ਪ੍ਰਕਾਸ਼ਤ ਕਰਕੇ ਕਿ ਸਰਕਾਰ ਨੇ ਇਸ ਧਾਰਾ ਦੇ ਅਨੁਸਰਣ ਵਿੱਚ ਸੰਪੱਤੀ ਅਰਜਤ ਕਰਨ ਦਾ ਫੈਸਲਾ ਕੀਤਾ ਹੈ, ਅਜਿਹੀ ਸੰਪੱਤੀ ਅਰਜਤ ਕਰ ਸਕਦਾ ਹੈ:

ਪਰੰਤੂ ਅਜਿਹਾ ਨੋਟਿਸ ਜਾਰੀ ਕਰਨ ਤੋਂ ਪਹਿਲਾਂ, ਸ਼ਕਤਵਾਨ ਅਥਾਰਟੀ, ਮਾਲਕ ਜਾਂ ਕਿਸੇ ਵੀ ਵਿਅਕਤੀ ਨੂੰ ਜੋ, ਸ਼ਕਤਵਾਨ ਅਥਾਰਟੀ ਦੀ ਰਾਏ ਵਿੱਚ, ਅਜਿਹੀ ਸੰਪੱਤੀ ਵਿੱਚ ਹਿੱਤ-ਬੱਧ ਹੋਵੇ, ਕਾਰਨ ਦੱਸਣ ਲਈ ਬੁਲਾਏਗਾ ਕਿ ਸੰਪੱਤੀ ਅਰਜਤ ਕਿਉਂ ਨਹੀਂ ਕੀਤੀ ਜਾਣੀ ਚਾਹੀਦੀ; ਅਤੇ ਅਜਿਹੇ ਵਿਅਕਤੀ ਦੁਆਰਾ ਦਰਸਾਏ ਕਾਰਨ, ਜੇ ਕੋਈ ਹੋਣ, 'ਤੇ ਵਿਚਾਰ ਕਰਨ ਪਿੱਛੋਂ, ਸ਼ਕਤਵਾਨ ਅਥਾਰਟੀ ਅਜਿਹੇ ਹੁਕਮ ਪਾਸ ਕਰ ਸਕੇਗੀ ਜੋ ਉਹ ਉੱਚਿਤ ਸਮਝੇ।

(2) ਜਿੱਥੇ ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਗਿਆ ਨੋਟਿਸ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਂਦਾ ਹੈ, ਉੱਥੇ ਅਧਿਗ੍ਰਹਿਣ ਕੀਤੀ ਗਈ ਸੰਪੱਤੀ, ਉਸ ਦਿਨ ਅਤੇ ਉਸ ਦਿਨ ਦੀ ਸ਼ੁਰੂਆਤ ਤੋਂ ਜਿਸ ਦਿਨ ਨੋਟਿਸ ਇਸ ਤਰ੍ਹਾਂ ਪ੍ਰਕਾਸ਼ਤ ਕੀਤਾ ਜਾਂਦਾ ਹੈ, ਸਾਰੇ ਪ੍ਰਭਾਰਾਂ ਤੋਂ ਮੁਕਤ

ਸਰਕਾਰ ਨੂੰ ਪੂਰਨ ਤੌਰ ਤੇ ਨਿਹਿਤ ਹੋਵੇਗੀ ਅਤੇ ਅਜਿਹੀ ਸੰਪੱਤੀ ਦੀ ਅਧਿਗ੍ਰਹਿਣ ਦੀ ਮੁੱਦਤ ਖਤਮ ਹੋ ਜਾਵੇਗੀ।

ਅਧਿਗ੍ਰਹਿਣ ਕੀਤੀ ਗਈ ਸੰਪੱਤੀ ਲਈ ਰਕਮ ਦੀ ਅਦਾਇਗੀ।

6. ਅਧਿਗ੍ਰਹਿਣ ਕੀਤੀ ਗਈ ਚੁੱਕਵੀਂ ਸੰਪੱਤੀ, ਜਿਸ ਵਿੱਚ ਗੱਡੀਆਂ ਅਤੇ ਪੋਤ ਸ਼ਾਮਲ ਹਨ, ਦੇ ਬਾਰੇ ਅਦਾਇਗੀਯੋਗ ਰਕਮ ਹੇਠ-ਲਿਖੀਆਂ ਮੱਦਾਂ ਦਾ ਕੁੱਲ ਜੋੜ ਹੋਵੇਗੀ:–

(i) ਉਸ ਕੀਮਤ ਤੇ ਵਿਆਜ ਜਿਸ 'ਤੇ ਮਾਲਕ ਨੇ ਸੰਪੱਤੀ ਖਰੀਦੀ ਸੀ, ਇੱਕ ਤਰੀਕੇ ਨਾਲ ਅਤੇ ਇੱਕ ਦਰ 'ਤੇ ਲੇਖਾ ਲਾਇਆ ਗਿਆ, ਜੋ ਪ੍ਰਤੀ ਸਾਲ ਤਿੰਨ ਪ੍ਰਤੀਸ਼ਤ ਤੋਂ ਘੱਟ ਜਾਂ ਛੇ ਪ੍ਰਤੀਸ਼ਤ ਤੋਂ ਵੱਧ ਨਾ ਹੋਵੇ, ਜਿਵੇਂ ਮੁਕੱਰਰ ਕੀਤਾ ਜਾਵੇ:

ਪਰੰਤੂ ਜਿੱਥੇ ਸੰਪੱਤੀ ਮਾਲਕ ਦੁਆਰਾ ਤੋਹਫ਼ੇ ਵਜੋਂ ਪ੍ਰਾਪਤ ਕੀਤੀ ਗਈ ਹੋਵੇ ਜਾਂ ਇਸਦੀ ਕੀਮਤ ਉਸ ਦੁਆਰਾ ਸ਼ਕਤਵਾਨ ਅਥਾਰਟੀ ਦੀ ਸੰਤੁਸ਼ਟੀ ਲਈ ਸਥਾਪਤ ਨਹੀਂ ਕੀਤੀ ਜਾ ਸਕਦੀ ਜਾਂ ਇਸਦੀ ਕੀਮਤ ਸੰਪੱਤੀ ਦੀ ਮੌਜੂਦਾ ਪ੍ਰਤਿਸਥਾਨ ਕੀਮਤ ਤੋਂ ਵੱਧ ਹੈ, ਉਸੇ ਸੰਪੱਤੀ ਜਾਂ ਸੰਪੱਤੀ ਜੋ, ਸ਼ਕਤਵਾਨ ਅਥਾਰਟੀ ਦੀ ਰਾਏ ਵਿੱਚ, ਸਾਰਵਾਨ ਰੂਪ ਵਿੱਚ ਇਸਦੇ ਸਮਾਨ ਹੈ, ਦੀ ਮੌਜੂਦਾ ਕੀਮਤ ਨੂੰ ਇਸਦੀ ਕੀਮਤ ਮੰਨਿਆ ਜਾਵੇਗਾ।

(ii) ਸੰਪੱਤੀ ਦੇ ਅਧਿਗ੍ਰਹਿਣ ਦੀ ਮੁੱਦਤ ਦੌਰਾਨ ਉਸਦਾ ਮੁੱਲ-ਘਾਟਾ ਦਰਸਾਉਂਦੀ ਰਕਮ, ਜਿਸਦਾ ਲੇਖਾ ਤੀਹ ਪ੍ਰਤੀਸ਼ਤ ਸਾਲਾਨਾ ਤੋਂ ਵੱਧ ਨਾ ਹੋਣ ਦੀ ਦਰ 'ਤੇ ਕੀਤਾ ਗਿਆ ਹੋਵੇ ਅਤੇ ਇੱਕ ਤਰੀਕੇ ਨਾਲ ਜੋ ਸਰਕਾਰ ਦੁਆਰਾ ਕਿਸੇ ਵੀ ਸ਼੍ਰੇਣੀ ਦੀ ਸੰਪੱਤੀ ਲਈ ਇੱਕ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ ਉੱਲਿਖਤ ਕੀਤਾ ਜਾਵੇ;

(iii) ਸੰਪੱਤੀ ਦੀ ਵਰਤੋਂ ਦੇ ਹਾਨ ਜਾਂ ਕਿਸੇ ਵੀ ਲਾਭਾਂ ਜੋ ਸ਼ਾਇਦ ਕਮਾਏ ਗਏ ਹੋਣ ਲਈ ਇੱਕ ਰਕਮ ਪਰ ਜੇ ਅਧਿਗ੍ਰਹਿਣ ਨਾ ਹੁੰਦਾ, ਅਜਿਹੇ ਪ੍ਰਤੀਸ਼ਤ 'ਤੇ ਜੋ ਪ੍ਰਤੀ ਸਾਲ ਤਿੰਨ ਤੋਂ ਘੱਟ ਨਾ ਹੋਵੇ ਜਿਵੇਂ ਮੁਕੱਰਰ ਕੀਤਾ ਜਾਵੇ, ਉਪਰੋਕਤ ਮੱਦ (i) ਵਿੱਚ ਹਵਾਲਾ ਦਿੱਤੀ ਲਾਗਤ ਦਾ ਜਿਵੇਂ ਮੁੱਲ-ਘਾਟੇ ਦੁਆਰਾ ਘਟਾਈ ਗਈ ਹੋਵੇ, ਉਹੀ ਦਰ 'ਤੇ ਲੇਖਾ ਲਗਾ ਕੇ ਜਿਵੇਂ ਉਪਰੋਕਤ ਮੱਦ (ii) ਲਈ ਹੋਵੇ, ਅਜਿਹੇ ਤਰੀਕੇ ਅਤੇ ਅਜਿਹੀ ਮੁੱਦਤ ਲਈ ਜਿਵੇਂ ਇਸ ਤਰ੍ਹਾਂ ਮੁਕੱਰਰ ਕੀਤਾ ਜਾਵੇ;

(iv) ਕੋਈ ਹੋਰ ਰਕਮ ਜੋ ਸਰਕਾਰ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ ਉੱਲਿਖਤ ਕਰ ਸਕੇ:

ਪਰੰਤੂ ਸੰਪੱਤੀ ਦੇ ਮਾਮਲੇ ਵਿੱਚ ਜਿਸ ਲਈ ਕਿਰਾਇਆ-ਖਰੀਦ ਕਰਾਰ ਅਧੀਨ ਦੇਣਯੋਗ ਪੂਰਨ ਪ੍ਰਤੀਫਲ ਅਦਾ ਨਹੀਂ ਕੀਤਾ ਗਿਆ ਹੈ, ਉਪਰੋਕਤ ਮੱਦਾਂ (iii) ਅਤੇ (iv) ਨਾਲ ਸਬੰਧਤ ਰਕਮ ਦਾ ਉਨਾ ਭਾਗ ਕਿਰਾਏਦਾਰ ਨੂੰ ਅਦਾਇਗੀਯੋਗ ਹੋਵੇਗਾ ਅਤੇ ਉਪਰੋਕਤ ਮੱਦਾਂ (i) ਅਤੇ (ii) ਨੂੰ ਦਰਸਾਉਂਦਾ ਬਕਾਇਆ ਵਿੱਤਦਾਤਾ ਨੂੰ ਸੌਂਪ ਦਿੱਤਾ ਜਾਵੇਗਾ ਜਦੋਂ ਤੱਕ ਉਸਨੂੰ ਪੂਰਨ ਪ੍ਰਤਿਫਲ ਨਹੀਂ ਮਿਲ ਜਾਂਦਾ ਅਤੇ ਇਹ ਉਪਬੰਧ ਕਿਰਾਇਆ-ਖਰੀਦ ਕਰਾਰ ਵਿੱਚ ਕਿਸੇ ਵੀ ਵਿਪਰੀਤ ਨਿਬੰਧਨਾਂ ਤੇ ਪਰਮ ਪ੍ਰਭਾਵੀ ਹੋਵੇਗਾ:

ਪਰੰਤੂ ਇਹ ਹੋਰ ਕਿ ਅਧਿਗ੍ਰਹਿਣ ਦੇ ਦੌਰਾਨ ਜੇ ਸੰਪੱਤੀ ਆਮ ਟੁੱਟ-ਭੱਜ ਤੋਂ ਇਲਾਵਾ ਹੋਰ ਤਰ੍ਹਾਂ ਨੁਕਸਾਨੀ ਜਾਂਦੀ ਹੈ ਜਾਂ ਉਸ ਸਮੇਂ ਗੁਆਚ ਜਾਂਦੀ ਹੈ ਜਦੋਂ ਇਸਦਾ ਬੀਮਾ ਨਹੀਂ ਕੀਤਾ ਗਿਆ ਹੁੰਦਾ, ਤਾਂ ਮਾਲਕ ਨੂੰ ਨੁਕਸਾਨ ਪੂਰਾ ਕਰਨ ਦੀ ਕੀਮਤ ਦੇ ਬਰਾਬਰ ਇੱਕ ਵਾਧੂ ਰਕਮ ਜਾਂ, ਕੁੱਲ ਨੁਕਸਾਨ ਦੀ ਸੂਰਤ ਵਿੱਚ, ਉਹ ਰਕਮ ਜੋ ਅਦਾਇਗੀਯੋਗ ਹੋਣੀ ਸੀ ਜੇ ਸੰਪੱਤੀ ਹਾਨ ਦੀ ਤਰੀਕ ਨੂੰ ਅਰਜਤ ਕੀਤੀ ਹੁੰਦੀ, ਧਾਰਾ 7 ਵਿੱਚ ਦਿੱਤੇ ਤਰੀਕੇ ਅਨੁਸਾਰ ਨਿਰਧਾਰਤ ਕੀਤੀ ਅਜਿਹੀ ਰਕਮ ਅਦਾ ਕੀਤੀ ਜਾਵੇਗੀ:

ਪਰੰਤੂ ਇਹ ਹੋਰ ਕਿ ਸੰਪੱਤੀ ਦੇ ਮਾਲਕ ਜਾਂ ਕਿਸੇ ਹੋਰ ਹਿੱਤਬੱਧ ਵਿਅਕਤੀ ਨੂੰ ਸੰਪੱਤੀ ਦੇ ਅਧਿਗ੍ਰਹਿਣ ਦੇ ਬਾਰੇ ਸ਼ਕਤਵਾਨ ਅਥਾਰਟੀ ਦੇ ਅਦਾਇਗੀਯੋਗ ਰਕਮ ਨਿਰਧਾਰਤ ਕਰਨ ਵਾਲੇ ਹੁਕਮ ਦੀ ਪ੍ਰਾਪਤੀ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਜਾਂ ਅਜਿਹੀ ਹੋਰ ਮੁੱਦਤ ਦੇ ਅੰਦਰ ਜਿਵੇਂ ਕਮਿਸ਼ਨਰ ਕਾਫ਼ੀ ਕਾਰਨ ਕਰਕੇ ਇਜਾਜ਼ਤ ਦੇਵੇ ਅਜਿਹੇ ਰੂਪ ਅਤੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਕਮਿਸ਼ਨਰ ਨੂੰ ਅਪੀਲ ਕਰਨ ਦਾ ਅਧਿਕਾਰ ਹੋਵੇਗਾ।

7. ਕਿਸੇ ਚੁੱਕਵੀਂ ਸੰਪੱਤੀ ਦੇ ਅਰਜਤ ਬਾਰੇ ਅਦਾਇਗੀਯੋਗ ਰਕਮ ਸੰਪੱਤੀ ਦੀ ਕੰਟਰੋਲ ਅਧੀਨ ਕੀਮਤ ਹੋਵੇਗੀ, ਅਰਥਾਤ, ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਇੱਕ ਹੁਕਮ ਦੁਆਰਾ ਨਿਯਤ ਕੀਤੀ ਕੀਮਤ: ਸੰਪੱਤੀ ਅਰਜਤ ਕਰਨ ਲਈ ਰਕਮ ਦੀ ਅਦਾਇਗੀ।

ਪਰੰਤੂ, ਉਸ ਸੰਪੱਤੀ ਦੇ ਬਾਰੇ ਜਿਸਦੀ ਕੀਮਤ ਕੰਟਰੋਲ ਅਧੀਨ ਨਹੀਂ ਹੈ ਜਾਂ ਜੋ ਨਵੀਂ ਨਹੀਂ ਹੈ, ਰਕਮ ਉਸ ਕੀਮਤ ਦੇ ਬਰਾਬਰ ਰਕਮ ਤੋਂ ਵੱਧ ਨਹੀਂ ਹੋਵੇਗੀ ਜੋ ਅਰਜਤ ਦੀ ਤਰੀਕ ਨੂੰ ਇਸਦੇ ਪ੍ਰਤਿਸਥਾਨ ਲਈ ਅਦਾ ਕੀਤੀ ਜਾਣੀ ਸੀ, ਸੰਪੱਤੀ ਦੇ ਮੁੱਲ-ਘਾਟੇ ਦੇ ਬਰਾਬਰ ਘਟਾਈ ਇੱਕ ਰਕਮ, ਉਸ ਤਰੀਕੇ ਅਤੇ ਦਰ 'ਤੇ ਲੇਖੇ ਲਗਾਈ ਗਈ ਜੋ ਸਲਾਨਾ ਤੀਹ ਪ੍ਰਤੀਸ਼ਤ ਤੋਂ ਵੱਧ ਨਾ ਹੋਵੇ, ਜਿਵੇਂ ਮੁਕੱਰਰ ਕੀਤਾ ਜਾਵੇ।

ਵਿਆਖਿਆ.– ਉਹ ਕੀਮਤ ਨਿਸ਼ਚਤ ਕਰਨ ਲਈ, ਜੋ ਸੰਪੱਤੀ ਦੇ ਪ੍ਰਤਿਸਥਾਪਨ ਲਈ ਅਦਾ ਕੀਤੀ ਜਾਣੀ ਸੀ, ਅਧਿਗ੍ਰਹਿਣ ਦੀ ਤਰੀਕ ਪਿੱਛੋਂ, ਇਸਦੇ ਮੁੱਲ ਵਿੱਚ ਕਿਸੇ ਵੀ ਮੁੱਲ-ਵਾਧੇ ਦਾ ਕੋਈ ਧਿਆਨ ਨਹੀਂ ਰੱਖਿਆ ਜਾਵੇਗਾ:

ਪਰੰਤੂ ਇਹ ਹੋਰ ਕਿ ਸੰਪੱਤੀ ਦੇ ਮਾਲਕ ਜਾਂ ਕਿਸੇ ਹੋਰ ਹਿੱਤ-ਬੱਧ ਵਿਅਕਤੀ ਨੂੰ ਸੰਪੱਤੀ ਦੇ ਅਰਜਨ ਦੇ ਬਾਰੇ ਸ਼ਕਤਵਾਨ ਅਥਾਰਟੀ ਦੇ ਅਦਾਇਗੀਯੋਗ ਰਕਮ ਨਿਰਧਾਰਤ ਕਰਨ ਵਾਲੇ ਹੁਕਮ ਦੀ ਪ੍ਰਾਪਤੀ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਜਾਂ ਅਜਿਹੀ ਹੋਰ ਮੁੱਦਤ ਦੇ ਅੰਦਰ ਜਿਵੇਂ ਕਮਿਸ਼ਨਰ, ਕਾਫੀ ਕਾਰਨ ਕਰਕੇ ਇਜਾਜ਼ਤ ਦੇਵੇ, ਅਜਿਹੇ ਰੂਪ ਅਤੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਕਮਿਸ਼ਨਰ ਨੂੰ ਅਪੀਲ ਕਰਨ ਦਾ ਅਧਿਕਾਰ ਹੋਵੇਗਾ:

ਪਰੰਤੂ ਇਹ ਹੋਰ ਕਿ ਜਿੱਥੇ ਸ਼ਕਤਵਾਨ ਅਥਾਰਟੀ ਅਤੇ ਸੰਪੱਤੀ ਦੇ ਮਾਲਕ ਜਾਂ ਉਸ ਵਿੱਚ ਹਿੱਤਬੱਧ ਕਿਸੇ ਹੋਰ ਵਿਅਕਤੀ ਵਿਚਕਾਰ ਕਰਾਰ ਹੋ ਗਿਆ ਹੋਵੇ, ਤਾਂ ਕਰਾਰ ਪਾਈ ਰਕਮ, ਇਸਦੀ ਮਾਤਰਾ ਦੇ ਬਿਨਾਂ ਲਿਹਾਜ਼, ਅਦਾਇਗੀਯੋਗ ਹੋਵੇਗੀ, ਜਦੋਂ ਤੱਕ ਕਿ ਸਰਕਾਰ ਦੁਆਰਾ ਸੰਪੱਤੀ

ਦੇ ਮਾਲਕ ਜਾਂ ਉਸ ਵਿੱਚ ਹਿੱਤਬੱਧ ਕਿਸੇ ਹੋਰ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਪਿੱਛੋਂ ਇਸ ਵਿੱਚ ਸੋਧ ਨਹੀਂ ਕੀਤੀ ਜਾਂਦੀ।

ਰਕਮ ਦੀ ਅਦਾਇਗੀ।

8. ਸੰਪੱਤੀ ਨੂੰ ਅਧਿਗ੍ਰਹਿਣ ਜਾਂ ਅਰਜਤ ਕਰਨ ਲਈ ਸ਼ਕਤਵਾਨ ਅਥਾਰਟੀ ਦੁਆਰਾ ਨਿਰਧਾਰਤ ਰਕਮ ਉਸ ਵਿਅਕਤੀ ਜਾਂ ਉਸ ਦੇ ਹੱਕਦਾਰ ਵਿਅਕਤੀਆਂ ਨੂੰ ਅਜਿਹੀ ਮੁੱਦਤ ਦੇ, ਅਜਿਹੇ ਵਕਫ਼ਾਂ 'ਤੇ ਅਤੇ ਅਜਿਹੇ ਤਰੀਕੇ ਨਾਲ ਅਦਾ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ:

ਪਰੰਤੂ ਜਿੱਥੇ ਰਕਮ ਦੀ ਅਦਾਇਗੀ ਇਸ ਤਰ੍ਹਾਂ ਮੁਕੱਰਰ ਮੁੱਦਤ ਤੋਂ ਬਾਅਦ ਦੇਰੀ ਨਾਲ ਹੁੰਦੀ ਹੈ, ਉੱਥੇ ਰਕਮ ਜਾਂ ਬਕਾਇਆ ਰਕਮ ਦੇ ਹਿੱਸੇ 'ਤੇ ਵਿਆਜ ਤਿੰਨ ਪ੍ਰਤੀਸ਼ਤ ਤੋਂ ਘੱਟ ਜਾਂ ਛੇ ਪ੍ਰਤੀਸ਼ਤ ਪ੍ਰਤੀ ਸਾਲ ਤੋਂ ਵੱਧ ਨਾ ਹੋਣ ਵਾਲੀ ਦਰ 'ਤੇ ਅਤੇ ਅਜਿਹੀ ਤਰੀਕ ਜਾਂ ਤਰੀਕਾਂ ਤੋਂ, ਜਿਵੇਂ ਮੁਕੱਰਰ ਕੀਤਾ ਜਾਵੇ, ਅਦਾਇਗੀਯੋਗ ਹੋਵੇਗਾ।

ਸੂਚਨਾ ਪ੍ਰਾਪਤ ਕਰਨ ਅਤੇ ਨਿਰਦੇਸ਼ ਦੇਣ ਦੀ ਸ਼ਕਤੀ।

9. ਸਰਕਾਰ ਜਾਂ ਸ਼ਕਤਵਾਨ ਅਥਾਰਟੀ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਦੀ ਦ੍ਰਿਸ਼ਟੀ ਨਾਲ, ਇੱਕ ਹੁਕਮ ਦੁਆਰਾ –

(ੳ) ਕਿਸੇ ਵਿਅਕਤੀ ਤੋਂ ਇਸ ਐਕਟ ਅਧੀਨ ਕਿਸੇ ਸੰਪੱਤੀ, ਜੋ ਅਧਿਗ੍ਰਹਿਣ ਜਾਂ ਅਰਜਤ ਕੀਤੀ ਗਈ ਹੈ, ਜਾਂ ਅਧਿਗ੍ਰਹਿਣ ਜਾਂ ਅਰਜਤ ਕਰਨੀ ਚਿਤਵਤ ਹੈ, ਨਾਲ ਸਬੰਧਤ, ਉਸਦੇ ਕਬਜ਼ੇ ਵਿੱਚ ਅਜਿਹੀ ਸੂਚਨਾ ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਜਾਵੇ, ਅਜਿਹੇ ਅਧਿਕਾਰੀ ਨੂੰ ਮੁਹੱਈਆ ਕਰਵਾਉਣ ਲਈ ਲੋੜਨਾ ਕਰ ਸਕਦੀ ਹੈ ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਜਾਵੇ;

(ਅ) ਇਹ ਨਿਰਦੇਸ਼ ਦੇ ਸਕਦੀ ਹੈ ਕਿ ਸੰਪੱਤੀ ਦਾ ਮਾਲਕ ਜਾਂ ਕਾਬਜ਼ ਵਿਅਕਤੀ ਅਜਿਹੀ ਮੁੱਦਤ ਦੇ ਗੁਜ਼ਰਣ ਤੱਕ ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਜਾਵੇ ਬਿਨਾਂ ਇਜਾਜ਼ਤ ਦੇ ਇਸ ਦਾ ਨਿਪਟਾਰਾ ਨਹੀਂ ਕਰੇਗਾ।

ਹੁਕਮਾਂ ਨੂੰ ਪ੍ਰਭਾਵੀ ਬਣਾਉਣ ਦੀ ਸ਼ਕਤੀ।

10. ਸਰਕਾਰ ਜਾਂ ਸ਼ਕਤਵਾਨ ਅਥਾਰਟੀ ਅਜਿਹੇ ਕਦਮ ਚੁੱਕ ਜਾਂ ਚੁਕਵਾ ਸਕਦੀ ਹੈ ਅਤੇ ਅਜਿਹੀ ਤਾਕਤ ਦੀ ਵਰਤੋਂ ਕਰ ਸਕਦੀ ਹੈ ਜਾਂ ਕਾਰਤ ਕਰਵਾ ਸਕਦੀ ਹੈ ਜੋ ਸਰਕਾਰ ਜਾਂ ਸ਼ਕਤਵਾਨ ਅਥਾਰਟੀ ਦੀ ਰਾਏ ਵਿੱਚ, ਇਸ ਐਕਟ ਅਧੀਨ ਇਸ ਦੁਆਰਾ ਕੀਤੇ ਗਏ ਕਿਸੇ ਹੁਕਮ ਦੀ ਪਾਲਣਾ ਨੂੰ ਸੁਨਿਸ਼ਚਿਤ ਬਣਾਉਣ ਲਈ ਵਾਜਬ ਤੌਰ 'ਤੇ ਜ਼ਰੂਰੀ ਹੋਵੇ।

ਅਪੀਲ।

11. (1) ਧਾਰਾ 3, ਜਾਂ ਧਾਰਾ 4, ਜਾਂ ਧਾਰਾ 5 ਅਧੀਨ ਸ਼ਕਤਵਾਨ ਅਥਾਰਟੀ ਦੁਆਰਾ ਦਿੱਤੇ ਗਏ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਹੁਕਮ ਦੇ ਤਾਮੀਲ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਸਰਕਾਰ ਨੂੰ ਅਪੀਲ ਕਰ ਸਕਦਾ ਹੈ:

ਪਰੰਤੂ ਸਰਕਾਰ ਤੀਹ ਦਿਨਾਂ ਦੀ ਉਕਤ ਮੁੱਦਤ ਗੁਜ਼ਰਨ ਪਿੱਛੋਂ ਅਪੀਲ ਗ੍ਰਹਿਣ ਕਰ ਸਕਦੀ ਹੈ, ਜੇ ਇਹ ਸੰਤੁਸ਼ਟ ਹੋ ਜਾਂਦੀ ਹੈ ਕਿ ਅਪੀਲਕਰਤਾ ਨੂੰ ਸਮੇਂ ਸਿਰ ਅਪੀਲ ਦਾਇਰ ਕਰਨ ਤੋਂ ਕਾਫ਼ੀ ਕਾਰਨਾਂ ਕਰਕੇ ਰੋਕਿਆ ਗਿਆ ਸੀ।

(2) ਉਪ-ਧਾਰਾ (1) ਅਧੀਨ ਅਪੀਲ ਪ੍ਰਾਪਤ ਹੋਣ 'ਤੇ, ਸਰਕਾਰ, ਸ਼ਕਤਵਾਨ ਅਥਾਰਟੀ ਤੋਂ ਰਿਪੋਰਟ ਮੰਗਵਾਉਣ ਅਤੇ ਧਿਰਾਂ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ ਅਤੇ ਅਜਿਹੀ ਹੋਰ ਜਾਂਚ ਕਰਨ

ਪਿੱਛੋਂ, ਜੇ ਕੋਈ ਹੋਵੇ, ਜਿਵੇਂ ਜ਼ਰੂਰੀ ਹੋਵੇ, ਅਜਿਹੇ ਹੁਕਮ ਪਾਸ ਕਰ ਸਕਦੀ ਹੈ, ਜਿਵੇਂ ਉਹ ਢੁਕਵਾਂ ਸਮਝੇ ਅਤੇ ਸਰਕਾਰ ਦਾ ਹੁਕਮ ਅੰਤਿਮ ਹੋਵੇਗਾ।

ਸ਼ਕਤਵਾਨ ਅਥਾਰਟੀ ਕੋਲ ਸਿਵਲ ਅਦਾਲਤ ਦੀਆਂ ਕੁਝ ਕੁ ਸ਼ਕਤੀਆਂ ਦਾ ਹੋਣਾ।

12. ਜਾਂਚ ਕਰਦੇ ਸਮੇਂ ਸ਼ਕਤਵਾਨ ਅਥਾਰਟੀ ਕੋਲ ਜ਼ਾਬਤਾ ਦੀਵਾਨੀ ਸੰਘਤਾ, 1908 (1908 ਦਾ ਕੇਂਦਰੀ ਐਕਟ 5) ਅਧੀਨ ਹੇਠ-ਲਿਖੇ ਮਾਮਲਿਆਂ ਦੇ ਬਾਰੇ ਦਾਵੇ ਦਾ ਵਿਚਾਰਣ ਕਰਦੇ ਸਮੇਂ ਦੀਵਾਨੀ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ, ਅਰਥਾਤ:–

(ੳ) ਕਿਸੇ ਵਿਅਕਤੀ ਨੂੰ ਤਲਬ ਅਤੇ ਹਾਜ਼ਰ ਕਰਵਾਉਣਾ ਅਤੇ ਸਹੁੰ 'ਤੇ ਉਸ ਦੀ ਪਰਖ ਕਰਵਾਉਣਾ;

(ਅ) ਕਿਸੇ ਦਸਤਾਵੇਜ਼ ਨੂੰ ਪ੍ਰਗਟ ਕਰਨਾ ਅਤੇ ਪੇਸ਼ ਕਰਨ ਦੀ ਲੋੜ;

(ੲ) ਹਲਫ਼ੀਆ ਬਿਆਨ 'ਤੇ ਸ਼ਹਾਦਤ ਦੀ ਪ੍ਰਾਪਤੀ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਜਨਤਕ ਰਿਕਾਰਡ ਦਾ ਅਧਿਗ੍ਰਹਿਣ ਕਰਨਾ;

(ਹ) ਗਵਾਹਾਂ ਦੀ ਪਰਖ ਲਈ ਕਮਿਸ਼ਨ ਜਾਰੀ ਕਰਨਾ।

ਸ਼ਕਤੀਆਂ ਡੈਲੀਗੇਟ ਕਰਨਾ।

13. ਸਰਕਾਰ, ਅਧਿਸੂਚਨਾ ਦੁਆਰਾ, ਨਿਰਦੇਸ਼ ਦੇ ਸਕਦੀ ਹੈ ਕਿ ਇਸ ਐਕਟ ਅਧੀਨ ਇਸ ਦੁਆਰਾ ਵਰਤੋਂ ਯੋਗ ਸ਼ਕਤੀਆਂ (ਨਿਯਮ ਬਣਾਉਣ ਦੀ ਸ਼ਕਤੀ ਨੂੰ ਛੱਡ ਕੇ) ਅਜਿਹੇ ਹਾਲਾਤਾਂ ਵਿੱਚ ਅਤੇ ਅਜਿਹੀਆਂ ਸ਼ਰਤਾਂ ਅਧੀਨ, ਜੇ ਕੋਈ ਹੋਣ, ਜਿਵੇਂ ਅਧਿਸੂਚਨਾ ਵਿੱਚ ਉਲਿਖਤ ਕੀਤਾ ਹੋਵੇ, ਇੱਕ ਅਧਿਕਾਰੀ ਦੁਆਰਾ ਵੀ ਵਰਤੋਂ ਯੋਗ ਹੋਣਗੀਆਂ ਜਿਵੇਂ ਇਸ ਤਰ੍ਹਾਂ ਉਲਿਖਤ ਕੀਤਾ ਗਿਆ ਹੋਵੇ।

ਨੇਕਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਓ।

14. (1) ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਹੁਕਮ ਦੇ ਅਨੁਸਰਣ ਵਿੱਚ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਿਸੇ ਵਿਅਕਤੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

(2) ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਹੁਕਮ ਦੇ ਅਨੁਸਰਣ ਵਿੱਚ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਦੁਆਰਾ ਕਾਰਤ ਜਾਂ ਸੰਭਾਵੀ ਨੁਕਸਾਨ ਲਈ ਸਰਕਾਰ ਜਾਂ ਸ਼ਕਤਵਾਨ ਅਥਾਰਟੀ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਦੀਵਾਨੀ ਅਦਾਲਤ ਦੀ ਅਧਿਕਾਰਤਾ 'ਤੇ ਰੋਕ।

15. ਕਿਸੇ ਦੀਵਾਨੀ ਅਦਾਲਤ ਨੂੰ ਕਿਸੇ ਮਾਮਲੇ ਦੇ ਬਾਰੇ ਅਧਿਕਾਰਤਾ ਨਹੀਂ ਹੋਵੇਗੀ ਜਿਸਨੂੰ ਨਿਰਧਾਰਤ ਕਰਨ ਲਈ ਸਰਕਾਰ ਜਾਂ ਸ਼ਕਤਵਾਨ ਅਥਾਰਟੀ ਨੂੰ ਇਸ ਐਕਟ ਦੁਆਰਾ ਜਾਂ ਅਧੀਨ ਸ਼ਕਤੀ ਪ੍ਰਾਪਤ ਹੈ, ਅਤੇ ਇਸ ਐਕਟ ਦੁਆਰਾ ਜਾਂ ਅਧੀਨ ਪ੍ਰਦਾਨ ਕੀਤੀ ਗਈ ਕਿਸੇ ਸ਼ਕਤੀ ਦੇ ਅਨੁਸਰਣ ਵਿੱਚ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਕਾਰਵਾਈ ਦੇ ਬਾਰੇ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੁਆਰਾ ਕੋਈ ਮਨਾਹੀ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।

ਅਪਰਾਧਾਂ ਲਈ ਡੰਨ।

16. ਜੋ ਕੋਈ ਇਸ ਐਕਟ ਦੇ ਕਿਸੇ ਉਪਬੰਧ, ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਨਿਯਮ, ਜਾਂ ਇਸ ਐਕਟ ਅਧੀਨ ਬਣਾਏ ਕਿਸੇ ਹੁਕਮ ਜਾਂ ਨਿਰਦੇਸ਼ ਦੀ ਉਲੰਘਣਾ ਕਰਦਾ ਹੈ, ਜਾਂ ਇਸ ਐਕਟ ਦੁਆਰਾ ਜਾਂ ਅਧੀਨ ਪ੍ਰਦਾਨ ਕੀਤੀ ਗਈ ਕਿਸੇ ਸ਼ਕਤੀ ਦੀ ਕਾਨੂੰਨ-ਪੂਰਨ ਵਰਤੋਂ ਵਿੱਚ ਰੁਕਾਵਟਾਂ

ਪਾਉਂਦਾ ਹੈ, ਅਉਧ ਲਈ ਕੈਦ ਜੋ ਇੱਕ ਸਾਲ ਤੱਕ ਵਧਾਈ ਜਾ ਸਕੇਗੀ ਜਾਂ ਜੁਰਮਾਨੇ ਦੀ ਜਾਂ ਦੋਵਾਂ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਨਿਯਮ ਬਣਾਉਣ ਦੀ ਸ਼ਕਤੀ।

17. (1) ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਹੋਵੇਗਾ।

ਨਿਰਸਨ।

18. ਪੂਰਬੀ ਪੰਜਾਬ ਚੁੱਕਵੀਂ ਸੰਪੱਤੀ (ਅਧਿਗ੍ਰਹਿਣ) ਐਕਟ, 1947 (1947 ਦਾ ਪੂਰਬੀ ਪੰਜਾਬ ਐਕਟ 15) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

**ਬੀ.ਬੀ.ਐੱਸ ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3609/1-2026/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਜਨਵਰੀ, 2026

ਨੰ: 05/ਭ.ਕ./2026.- ਦੇਸ਼ ਭਗਤ ਯੂਨੀਵਰਸਿਟੀ ਐਕਟ, 2012 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 9th January, 2026

**No. 05/L.C./2026.-** The Translation in Punjabi of the Desh Bhagat University Act, 2012 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਦੇਸ਼ ਭਗਤ ਯੂਨੀਵਰਸਿਟੀ ਐਕਟ, 2012

(2013 ਦਾ ਪੰਜਾਬ ਐਕਟ ਨੰ: 15)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਦੰਦਕ ਵਿਗਿਆਨ, ਇੰਜੀਨੀਅਰਿੰਗ, ਉਸਾਰੀ ਕਲਾ, ਦਵਾਖਾਨਾ, ਆਯੂਰਵੇਦ, ਹੋਮਿਓਪੈਥੀ, ਪ੍ਰਬੰਧਨ, ਕੰਪਿਊਟਰ ਵਿਗਿਆਨ, ਨਰਸਿੰਗ ਸਿੱਖਿਆ, ਕਾਨੂੰਨ, ਧਾਰਮਿਕ ਅਧਿਐਨ, ਭਾਸ਼ਾ ਅਤੇ ਸਾਹਿਤ, ਮੀਡੀਆ ਅਤੇ ਕਲਾ ਪ੍ਰਦਰਸ਼ਨੀ, ਡਿਜ਼ਾਈਨ, ਹੋਟਲ ਪ੍ਰਬੰਧਨ, ਏਅਰ-ਲਾਈਨ, ਸੈਰ-ਸਪਾਟਾ, ਰਿਵਾਜ਼ ਡਿਜ਼ਾਈਨ, ਸੰਜੀਵਤਾ ਅਤੇ ਮਲਟੀਮੀਡੀਆ, ਪੈਰਾ-ਮੈਡੀਕਲ, ਲਲਿਤ ਕਲਾ, ਨਾਟਕ ਅਤੇ ਸੰਗੀਤ, ਸਮਾਜਕ ਵਿਗਿਆਨ ਅਤੇ ਵਿਹਾਰਕ ਵਿਗਿਆਨ ਨਾਲ ਉੱਭਰਦੇ ਵਿਸ਼ਿਆਂ ਜਿਵੇਂ ਕਿ ਰੋਬੋਟਿਕਸ, ਸੂਚਨਾ ਤਕਨਾਲੋਜੀ, ਬਣਾਵਟੀ ਬੁੱਧੀ, ਬਾਇਓਟੈਕਨਾਲੋਜੀ, ਨੈਨੋਟੈਕਨਾਲੋਜੀ, ਵਾਤਾਵਰਣ ਵਿਗਿਆਨ ਅਤੇ ਵਾਤਾਵਰਣ, ਮਨੁੱਖੀ ਅਧਿਕਾਰ, ਔਰਤਾਂ ਅਧਿਐਨ, ਕਿੱਤਾ ਅਤੇ ਹੁਨਰ ਵਿਕਾਸ 'ਤੇ ਧਿਆਨ ਕੇਂਦਰਤ ਕਰਦੇ ਹੋਏ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ ਦੀਖਿਆ, ਖੋਜ, ਸਲਾਹਕਾਰੀ ਅਤੇ ਅਧਿਆਪਨ ਅਤੇ ਕੋਰਸਾਂ ਨੂੰ ਸਾਰੇ ਪੱਧਰਾਂ ਤੇ ਆਰੰਭ ਕਰਨ ਦੇ ਪ੍ਰਯੋਜਨਾਂ ਨਾਲ ਦੇਸ਼ ਭਗਤ ਯੂਨੀਵਰਸਿਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਆਸਰਾ ਫਾਊਂਡੇਸ਼ਨਾਂ (ਰਜਿਸਟਰਸ਼ੁਦਾ) ਵੱਲੋਂ ਪੰਜਾਬ ਨਿੱਜੀ ਯੂਨੀਵਰਸਿਟੀ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਸਵੈ-ਵਿੱਤੀ ਪੋਸ਼ਣ ਨਾਲ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜਵੀਜ਼ ਪੇਸ਼ ਕੀਤੀ ਗਈ ਸੀ;

ਅਤੇ ਜਦੋਂ ਕਿ ਰਾਜ ਸਰਕਾਰ ਉਪਰੋਕਤ ਫਾਊਂਡੇਸ਼ਨ ਦੀ ਦਰਸਾਈ ਗਈ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ ਇਸ ਨਤੀਜੇ ਤੇ ਪਹੁੰਚੀ ਕਿ ਉਕਤ ਟਰੱਸਟ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਨਿੱਜੀ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਦੇਸ਼ ਭਗਤ ਯੂਨੀਵਰਸਿਟੀ ਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਤਰੇਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਦੇਸ਼ ਭਗਤ ਯੂਨੀਵਰਸਿਟੀ ਐਕਟ, 2012 ਕਿਹਾ ਜਾ ਸਕੇਗਾ।

(2) ਇਹ ਅਕਤੂਬਰ, 2012 ਦੇ ਪੱਚੀਵੇਂ ਦਿਨ ਨੂੰ ਅਤੇ ਤੋਂ ਨਾਫ਼ਜ਼ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਕੈਂਪਸ' ਦਾ ਮਤਲਬ ਹੈ ਯੂਨੀਵਰਸਿਟੀ ਦੇ ਕੈਂਪਸ ਜਿਸ ਵਿੱਚ ਉਸ ਤੋਂ ਦੂਰ ਕੈਂਪਸ, ਦੂਰ ਕੈਂਪਸ ਅਧਿਐਨ ਕੇਂਦਰ, ਦੂਜੇ ਦੇਸ਼ਾਂ ਵਿੱਚ ਕੈਂਪਸ, ਦੂਜੇ ਦੇਸ਼ਾਂ ਵਿੱਚ ਅਧਿਐਨ ਕੇਂਦਰ ਅਤੇ ਦੂਰੀ ਸਿੱਖਿਆ ਕੇਂਦਰਾਂ ਅਤੇ ਸਿੱਖਿਆ ਦੀ ਆਨ-ਲਾਈਨ ਵਿਧੀ ਸ਼ਾਮਲ ਹੈ;

(ਹ) 'ਚੇਅਰਮੈਨ' ਦਾ ਮਤਲਬ ਹੈ ਫਾਊਂਡੇਸ਼ਨ ਦਾ ਚੇਅਰਮੈਨ;

(ਕ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਖ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਗ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਘ) 'ਵਿੱਤ ਕਮੇਟੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਵਿੱਤ ਕਮੇਟੀ;

(ਙ) 'ਫਾਊਂਡੇਸ਼ਨ' ਦਾ ਮਤਲਬ ਹੈ ਸੋਸਾਇਟੀ ਰਜਿਸਟਰੀਕਰਨ ਐਕਟ, 1860 (1860 ਦਾ XXI) ਅਧੀਨ ਰਜਿਸਟਰਸ਼ੁਦਾ ਆਸਰਾ ਫਾਊਂਡੇਸ਼ਨ;

(ਚ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਛ) 'ਸੰਸਥਾ' ਦਾ ਮਤਲਬ ਹੈ ਪੰਜਾਬ ਰਾਜ ਦੇ ਅੰਦਰ ਜਾਂ ਬਾਹਰ ਯੂਨੀਵਰਸਿਟੀ ਤੋਂ ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ ਜਾਂ ਸੰਬੱਧ ਕੀਤੀ ਗਈ ਕੋਈ ਸੰਸਥਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਜ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਝ) 'ਪ੍ਰਧਾਨ' ਦਾ ਮਤਲਬ ਹੈ ਫਾਊਂਡੇਸ਼ਨ ਦਾ ਪ੍ਰਧਾਨ;

(ਞ) 'ਪ੍ਰੋ ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰੋ-ਵਾਈਸ ਚਾਂਸਲਰ;

(ਟ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਠ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਡ) 'ਅਧਿਆਪਕ', ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਅਜਿਹਾ ਹੋਰ ਵਿਅਕਤੀ, ਜੋ ਯੂਨੀਵਰਸਿਟੀ ਵਿੱਚ ਜਾਂ ਇਸ ਦੀਆਂ ਕਿਸੇ ਵੀ ਸੰਸਥਾਵਾਂ ਜਾਂ ਕੇਂਦਰਾਂ ਵਿੱਚ ਸਿੱਖਿਆ-ਦੀਖਿਆ ਦਿੰਦਾ ਹੈ;

(ਢ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਦੇਸ਼ ਭਗਤ ਯੂਨੀਵਰਸਿਟੀ;

(ਣ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਤ) 'ਵਿਜ਼ਿਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

3. (1) ਪੰਜਾਬ ਰਾਜ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਯੂਨੀਵਰਸਿਟੀ ਦੀ ਸਥਾਪਨਾ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫਾਊਂਡੇਸ਼ਨਾਂ ਦੁਆਰਾ ਚਲਾਈ ਅਤੇ ਉਸ ਦੁਆਰਾ ਉਸਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਪਟੇ ਤੇ ਦੇਣ, ਧਾਰਨ ਕਰਨ, ਰਹਿਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਚੰਡੀਗੜ੍ਹ ਅਤੇ ਇਸ ਦਾ ਮੁੱਖ ਕੈਂਪਸ ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਕਿਸੇ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਅਧਿਐਨ, ਖੋਜ, ਮਸ਼ਵਰੇ ਅਤੇ ਅਧਿਆਪਨ ਲਈ ਉਪਬੰਧ ਬਣਾਉਣਾ ਅਤੇ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਕੋਰਸਾਂ ਨੂੰ ਸ਼ੁਰੂ ਕਰਨਾ, ਜਿਸ ਵਿੱਚ ਪੇਸ਼ੇਵਰ, ਡਾਕਟਰੀ, ਦੰਦਕ ਵਿਗਿਆਨ, ਇੰਜੀਨੀਅਰਿੰਗ, ਉਸਾਰੀ ਕਲਾ, ਦਵਾਖਾਨਾ, ਆਯੂਰਵੈਦ, ਹੋਮਿਓਪੈਥੀ, ਪ੍ਰਬੰਧਕੀ, ਕੰਪਿਊਟਰ ਵਿਗਿਆਨ, ਨਰਸਿੰਗ ਸਿੱਖਿਆ, ਕਾਨੂੰਨ, ਧਾਰਮਿਕ ਅਧਿਐਨ, ਭਾਸ਼ਾਵਾਂ ਅਤੇ ਸਾਹਿਤ, ਮੀਡੀਆ ਅਤੇ ਕਰਤੱਵ ਕਲਾਵਾਂ, ਡਿਜ਼ਾਈਨ, ਹੋਟਲ ਪ੍ਰਬੰਧ, ਏਅਰ-ਲਾਈਨ, ਸੈਰ-ਸਪਾਟਾ, ਰਿਵਾਜ਼-ਡਿਜ਼ਾਈਨ, ਸੰਜੀਵਤਾ ਅਤੇ ਮਲਟੀਮੀਡੀਆ, ਪੈਰਾਮੈਡੀਕਲ, ਲਲਿਤ ਕਲਾ, ਨਾਟਕ ਕਲਾ ਅਤੇ ਸੰਗੀਤ, ਸਮਾਜ ਵਿਗਿਆਨ ਅਤੇ ਵਿਹਾਰਕ ਵਿਗਿਆਨ ਨਾਲ ਉੱਭਰਦੇ ਵਿਸ਼ਿਆਂ ਜਿਵੇਂ ਕਿ ਰੋਬੋਟਿਕਸ, ਸੂਚਨਾ ਤਕਨਾਲੋਜੀ, ਬਣਾਵਟੀ ਬੁੱਧੀ, ਬਾਇਓਟੈਕਨਾਲੋਜੀ, ਨੈਨੋਟੈਕਨਾਲੋਜੀ, ਵਾਤਾਵਰਨ ਵਿਗਿਆਨ ਅਤੇ ਵਾਤਾਵਰਨ, ਮਨੁੱਖੀ ਅਧਿਕਾਰ, ਔਰਤ ਅਧਿਐਨ, ਪੋਲੀਟੈਕਨਿਕਸ, ਕਿੱਤਾ ਅਤੇ ਹੁਨਰ ਵਿਕਾਸ ਸ਼ਾਮਲ ਹਨ ਅਤੇ ਇਸ ਨਾਲ ਸਬੰਧਤ ਜਾਂ ਅਨੁਸੰਗਕ ਅਧਿਐਨ ਦੇ ਉਪਬੰਧਾਂ ਲਈ ਉਪਬੰਧ ਕਰਨਾ;

(ii) ਪੰਜਾਬ ਰਾਜ ਨੂੰ ਵਿਸ਼ਵ ਪੱਧਰ ਤੇ ਗਿਆਨ ਦਾ ਇੱਕ ਮੋਹਰੀ ਕੇਂਦਰ ਬਣਾਉਣ ਦੀ ਦ੍ਰਿਸ਼ਟੀ ਨਾਲ ਇੱਕ ਗਿਆਨ ਸਮਾਜ ਦੇ ਉਭਾਰ ਪ੍ਰਤੀ ਯੋਗਦਾਨ ਪਾਉਣਾ;

(iii) ਯੂਨੀਵਰਸਿਟੀ ਦੇ ਗ੍ਰੈਜੂਏਟਾਂ ਦੀ ਛੇਤੀ ਅਤੇ ਸੁਚਾਰੂ ਪਲੇਸਮੈਂਟ ਨੂੰ ਸੁਨਿਸ਼ਚਿਤ ਕਰਨ ਦੀ ਦ੍ਰਿਸ਼ਟੀ ਨਾਲ ਉਦਯੋਗ ਆਧਾਰਤ ਪੇਸ਼ੇਵਰ ਕੋਰਸਾਂ ਨੂੰ ਉਭਾਰਨ ਲਈ ਉਦਯੋਗ ਨਾਲ ਸੰਪਰਕ ਅਤੇ ਸਹਿਯੋਗ ਬਣਾਈ ਰੱਖ ਕੇ ਉਦਯੋਗ ਅਕਾਦਮਿਕ ਇੰਟਰਫੇਸ ਨੂੰ ਉਤਸ਼ਾਹਿਤ ਕਰਨਾ; ਅਤੇ

(iv) ਗਿਆਨ ਫੈਲਾਉਣਾ ਤਾਂ ਜੋ ਇਸ ਨੂੰ ਸਮਾਜ ਦੇ ਹਰ ਸਤਰ ਤੱਕ ਪਹੁੰਚਯੋਗ ਬਣਾਇਆ ਜਾ ਸਕੇ।

(v) ਭਾਰਤੀ ਅਤੇ ਵਿਸ਼ਵ ਸੱਭਿਆਤਾਵਾਂ ਦੇ ਸੰਦਰਭ ਵਿੱਚ ਸਿੱਖ ਗੁਰੂਆਂ ਦੇ ਜੀਵਨ ਅਤੇ ਸਿੱਖਿਆਵਾਂ ਅਤੇ ਉਹਨਾਂ ਦੇ ਸੱਭਿਆਚਾਰਕ ਅਤੇ ਧਾਰਮਿਕ ਪ੍ਰਭਾਵਾਂ ਤੇ ਅਧਿਐਨ ਅਤੇ ਖੋਜ ਲਈ ਉਪਬੰਧ ਕਰਨਾ;

(vi) ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖੋਜ ਲਈ ਵਿਵਸਥਾ ਕਰਨ ਲਈ ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨੇ;

(vii) ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਅਭਿਲਾਸ਼ੀਆਂ ਨੂੰ ਪ੍ਰਫੁੱਲਤ ਕਰਨਾ;

(viii) ਉਦਯੋਗ ਆਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਆਪਣੇ ਜ਼ਿੰਮੇ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(ix) ਗਿਆਨ, ਬੁੱਧੀ ਅਤੇ ਸਮਝ ਦੀ ਖੋਜ, ਸਿਰਜਣਾ, ਉੱਨਤੀ ਅਤੇ ਫੈਲਾਅ ਲਈ ਉਪਬੰਧ ਕਰਨਾ;

(x) ਪ੍ਰੀਖਿਆਵਾਂ ਜਾਂ ਅਜਿਹੇ ਕਿਸੇ ਹੋਰ ਤਰੀਕੇ ਦੇ ਆਧਾਰ ਤੇ ਡਾਕਟਰੇਟ, ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਸੰਸਥਿਤ ਕਰਨਾ; ਅਤੇ

(xi) ਅਜਿਹੇ ਸਾਰੇ ਕਾਰਜਾਂ ਨੂੰ ਜਿਵੇਂ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਵਧਾਵਾ ਦੇਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੇ ਜਾਣਗੇ ਅਤੇ ਨਿਭਾਏ ਜਾਣਗੇ, ਅਰਥਾਤ:-

(i) ਅਧਿਐਨ, ਅਧਿਆਪਨ, ਖੋਜ, ਸਲਾਹ-ਮਸ਼ਵਰੇ ਦੇ ਕੋਰਸਾਂ (ਪਾਠਕ੍ਰਮ ਨੂੰ ਅਪਣਾਉਣ ਅਤੇ ਇਸ ਨੂੰ ਆਧੁਨਿਕ ਬਣਾਉਣ ਸਮੇਤ) ਅਤੇ ਇਨ੍ਹਾਂ ਕੋਰਸਾਂ ਨਾਲ ਸਬੰਧਤ ਆਨਲਾਈਨ ਸਿੱਖਿਆ ਦੀਆਂ ਵਿਧੀਆਂ ਸਮੇਤ, ਰਵਾਇਤੀ ਅਤੇ ਨਾਲ-ਨਾਲ ਨਵੇਂ ਨਵੀਨਕਾਰੀ ਵਿਧੀਆਂ ਰਾਹੀਂ ਸੰਬੰਧੀਕਰਨ ਪ੍ਰਦਾਨ ਕਰਨ ਲਈ ਸਾਰੇ ਉਪਾਅ ਕਰਨੇ ਅਤੇ ਉਪਬੰਧ ਕਰਨੇ;

(ii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ, ਸਰਟੀਫਿਕੇਟ, ਐਵਾਰਡ, ਗਰੇਡ, ਦਰਜੇ ਅਤੇ ਅਕਾਦਮਿਕ ਉਪਾਧੀਆਂ ਪ੍ਰਦਾਨ ਅਤੇ ਦੇਣ ਲਈ ਸੰਸਥਿਤ ਕਰਨਾ;

(iii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਦੇਣਾ ਜਾਂ ਦੇਣ ਲਈ ਪ੍ਰੀਖਿਆਵਾਂ ਕਰਵਾਉਣਾ;

(iv) ਜਿਵੇਂ ਕਿ ਯੂਨੀਵਰਸਿਟੀ ਦੁਆਰਾ ਇਸ ਦੇ ਕੈਂਪਸ ਜਾਂ ਇਸ ਦੀਆਂ ਸੰਸਥਾਵਾਂ ਨੂੰ ਲੋੜੀਂਦਾ ਹੋਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਤੌਰ ਤੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(v) ਫੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫ਼ੇ, ਪ੍ਰਦਰਸ਼ਨੀ ਸੰਸਥਿਤ ਕਰਨਾ, ਜਿਵੇਂ ਮੁਕੱਰਰ ਕੀਤਾ ਜਾਵੇ;

(vi) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਅੰਸ਼ਕ ਜਾਂ ਪੂਰਨ ਤੌਰ ਤੇ ਕਿਸੇ ਦੂਸਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਭਾਰਤ ਵਿੱਚ ਜਾਂ ਬਦੇਸ਼ ਵਿੱਚ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਕੋਰਸ ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vii) ਕੈਂਪਸਾਂ ਨੂੰ ਸਥਾਪਤ ਕਰਨ ਅਤੇ ਉਹਨਾਂ ਦੇ ਸੰਬੱਧੀਕਰਨ ਲਈ ਸਾਰੇ ਜ਼ਰੂਰੀ ਉਪਾਅ ਕਰਨੇ;

(viii) ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ-ਘਰ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(ix) ਫ਼ੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨੀ ਅਤੇ ਇਕੱਠਾ ਕਰਨਾ, ਜਿਵੇਂ ਮੁਕੱਰਰ ਕੀਤਾ ਜਾਵੇ;

(x) ਯੂਨੀਵਰਸਿਟੀ ਦੇ ਪੱਖ ਵਿੱਚ ਸਿਰਜੇ ਗਏ ਟਰੱਸਟਾਂ ਅਤੇ ਇੰਡੋਮੈਂਟ ਨੂੰ ਧਾਰਣ ਕਰਨਾ, ਉਨ੍ਹਾਂ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਚਲਾਉਣਾ;

(xi) ਮਾਨ-ਅਰਥ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨੀਆਂ, ਜਿਵੇਂ ਮੁਕੱਰਰ ਕੀਤਾ ਜਾਵੇ;

(xii) ਅਕਾਦਮਿਕ ਉੱਤਮਤਾ ਦੀਆਂ ਕਿਰਤਾਂ ਨੂੰ ਛਾਪਣਾ ਅਤੇ ਪ੍ਰਕਾਸ਼ਿਤ ਕਰਨਾ ਅਤੇ ਉੱਤਮਤਾ ਦੀਆਂ ਚੇਅਰਾਂ ਸਥਾਪਤ ਕਰਨਾ;

(xiii) ਸਮਾਜ ਦੇ ਸਿੱਖਿਅਕ ਤੌਰ ਤੇ ਪੱਛੜੇ ਸਤਰ ਵਿੱਚ ਸਿੱਖਿਅਕ ਸਹੂਲਤਾਂ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨੇ;

(xiv) ਖੇਡਾਂ ਅਤੇ ਸੈਨਿਕ ਕਲਾਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xv) ਤਕਨੀਕੀ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xvi) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ, ਰਾਜ ਏਜੰਸੀਆਂ ਜਾਂ ਕਿਸੇ ਹੋਰ ਵਿਅਕਤੀ ਜਾਂ ਸੰਗਠਨ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvii) ਭਾਰਤੀ ਅਤੇ ਵਿਦੇਸ਼ੀ ਕਰੰਸੀਆਂ ਵਿੱਚ ਤੋਹਫ਼ੇ, ਦਾਨ ਸਵੀਕਾਰ ਅਤੇ ਪ੍ਰਾਪਤ ਕਰਨੇ ਅਤੇ ਕਰਜ਼ੇ ਅਤੇ ਪੇਸ਼ਗੀਆਂ ਲੈਣੀਆਂ;

(xviii) ਉਦਯੋਗ, ਕਾਰੋਬਾਰ ਅਤੇ ਸਮਵਰਗੀ ਵਿਸ਼ਿਆਂ ਦੇ ਬਾਰੇ ਵਿੱਚ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟਾਂ ਅਤੇ ਸਲਾਹਕਾਰੀ ਦਾ ਜ਼ਿੰਮਾ ਲੈਣਾ;

(xix) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ;

(xx) ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xxi) ਪਰਸਪਰ ਆਧਾਰ ਤੇ ਹੋਰ ਦੂਸਰੀਆਂ ਯੂਨੀਵਰਸਿਟੀਆਂ ਜਾਂ ਸੰਸਥਾਵਾਂ ਦੀ ਤੁਲਨਾ ਵਿੱਚ ਜੁੜਵਾਂ ਪ੍ਰੋਗਰਾਮਾਂ, ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(xxii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸੇਧਾਂ ਅਨੁਸਾਰ ਸੰਘਟਕ ਕਾਲਜ, ਸੰਸਥਾਵਾਂ, ਦੂਰ ਕੈਂਪਸ ਕੇਂਦਰ, ਦੂਜੇ ਦੇਸ਼ਾਂ ਵਿੱਚ ਕੇਂਦਰ ਅਤੇ ਜ਼ੋਨਲ ਜਾਂ ਖੇਤਰੀ ਕੇਂਦਰ, ਅਧਿਐਨ ਕੇਂਦਰ, ਸਿਖਲਾਈ ਕੇਂਦਰ (ਭਾਵੇਂ ਉਨ੍ਹਾਂ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ) ਸਥਾਪਤ ਕਰਨਾ;

(xxiii) ਯੂਨੀਵਰਸਿਟੀ ਦੀ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਕ ਬਦਲੀ ਕਰਨਾ ਅਤੇ ਮੁੰਤਕਿਲ ਕਰਨਾ;

(xxiv) ਭਾਰਤੀ ਵਿਦਿਆਰਥੀਆਂ, ਭਾਰਤੀ ਅਸਲੇ ਦੇ ਵਿਅਕਤੀਆਂ, ਅਣ-ਨਿਵਾਸੀ ਭਾਰਤੀ ਅਤੇ ਬਦੇਸ਼ੀ ਨਾਗਰਿਕਾਂ ਨੂੰ ਦਾਖ਼ਲਾ ਦੇਣਾ ਅਤੇ ਭਾਰਤੀ ਅਤੇ ਬਦੇਸ਼ੀ ਕਰੰਸੀਆਂ ਵਿੱਚ ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ ਅਤੇ ਫ਼ੀਸ ਪ੍ਰਾਪਤ ਕਰਨਾ;

(xxv) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਭਾਰਤ ਅਤੇ ਬਦੇਸ਼ ਵਿੱਚ ਹੋਰ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨਾਲ ਮਿਲਵਰਤਨ ਚਾਹੁਣਾ;

(xxvi) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੇ ਗਏ ਮਾਪਦੰਡਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਭੱਤੇ ਨੂੰ ਨਿਰਧਾਰਤ ਕਰਨਾ;

(xxvii) ਸਵੈ-ਪ੍ਰਮਾਣਨ ਕਰਨਾ ਅਤੇ ਨਵੇਂ ਕੋਰਸ ਸ਼ੁਰੂ ਕਰਨਾ ਜਿਸ ਨੂੰ ਰਾਜ ਸਰਕਾਰ ਜਾਂ ਕਿਸੇ ਰਾਜ ਯੂਨੀਵਰਸਿਟੀ ਜਾਂ ਕਿਸੇ ਹੋਰ ਬੌਡੀ ਤੋਂ, ਜੋ ਰਾਜ ਸਰਕਾਰ ਦੁਆਰਾ ਸਥਾਪਤ ਕੀਤੀ ਹੋਵੇ, ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ, ਅਖ਼ਤਿਆਰ ਜਾਂ ਕੋਈ ਹੋਰ ਦਸਤਾਵੇਜ਼ ਪ੍ਰਾਪਤ ਕਰਨ ਤੋਂ ਛੋਟ ਹੋਵੇਗੀ; ਅਤੇ

(xxviii) ਅਜਿਹੇ ਸਾਰੇ ਉਪਾਅ ਕਰਨੇ ਅਤੇ ਅਜਿਹੇ ਹੋਰ ਸਭ ਕਾਰਜ ਕਰਨੇ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਉਚਿਤ ਹੋ ਸਕਦੇ ਹੋਣ।

ਯੂਨੀਵਰਸਿਟੀ ਦੀ ਅਧਿਕਾਰਤਾ।

6. (1) ਯੂਨੀਵਰਸਿਟੀ ਆਪਣੇ ਕੈਂਪਸਾਂ ਅਤੇ ਇਸ ਦੇ ਨਾਲ ਸੰਬੱਧ ਸੰਸਥਾਵਾਂ ਜੋ ਕਿ ਸੋਸਾਇਟੀ ਦੁਆਰਾ ਚਲਾਈਆਂ ਅਤੇ ਪ੍ਰਬੰਧ ਕੀਤੀਆਂ ਜਾਂਦੀਆਂ ਹਨ, ਅੰਦਰ ਹੀ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਹੋਰ ਸਿੱਖਿਅਕ ਜਾਂ ਪੇਸ਼ੇਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਸੋਸਾਇਟੀ ਦੁਆਰਾ ਸਥਾਪਤ, ਚਲਾਈਆਂ ਜਾਂ ਪ੍ਰਬੰਧ ਕੀਤੀਆਂ ਜਾਂਦੀਆਂ ਹਨ।

ਯੂਨੀਵਰਸਿਟੀ ਦੇ ਅਧਿਕਾਰੀ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਪ੍ਰੋ-ਵਾਈਸ ਚਾਂਸਲਰ;

(v) ਰਜਿਸਟਰਾਰ;

(vi) ਫੈਕਲਟੀਆਂ ਦੇ ਡੀਨ;

(vii) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਵੇਂ ਕਿ ਯੂਨੀਵਰਸਿਟੀ ਦੇ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਵਿਜ਼ਿਟਰ।

8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਦੇ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਆਪਣੇ ਇਰਾਦੇ ਸਬੰਧੀ ਹਰੇਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਨਾ ਦੇ ਸਕੇਗਾ ਅਤੇ

ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਨਾਲ ਅਜਿਹੀ ਸਲਾਹ ਤੇ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੰਸੂਚਿਤ ਕਰੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਸਬੰਧੀ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਵਿੱਚ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਉਚਿਤ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ ਵਿਜ਼ਿਟਰ ਨੂੰ ਹਵਾਲਾ ਕੀਤਾ ਜਾਵੇਗਾ, ਜੋ, ਚਾਂਸਲਰ ਦੇ ਨਾਲ ਮਸ਼ਵਰਾ ਕਰਕੇ, ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

ਚਾਂਸਲਰ।

9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ, ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(2) ਚਾਂਸਲਰ ਯੂਨੀਵਰਸਿਟੀ ਦਾ ਮੁੱਖੀ ਹੋਵੇਗਾ।

(3) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਉਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦਾ ਫ਼ੈਸਲਾ ਅਤੇ ਪ੍ਰਵਾਨਗੀ ਦੇਵੇਗਾ।

(4) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੀਆਂ ਜ਼ਰੂਰੀ ਗੱਲਾਂ ਕਰ ਸਕੇਗਾ।

(5) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਅਜਿਹੇ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(6) ਜੇ, ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ

ਵਿਨਿਯਮਾਂ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਨ੍ਹਾਂ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਜੇ ਅਧਿਕਾਰੀ ਜਾਂ ਅਥਾਰਟੀ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਉਸ ਤੇ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਉਸ ਮਾਮਲੇ ਵਿੱਚ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(7) ਜੇ, ਕਿਸੇ ਵੀ ਸਮੇਂ, ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ,

ਤਾਂ ਚਾਂਸਲਰ, ਇਸ ਤੱਥ ਦੇ ਹੁੰਦਿਆ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਅਜੇ ਪੂਰੀ ਨਹੀਂ ਹੋਈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿਖਤ ਕੀਤੀ ਗਈ ਹੋਵੇ, ਉਸ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ। ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰ ਵਾਈਸ-ਚਾਂਸਲਰ ਨੂੰ ਜਾਂ ਉਸ ਅਧਿਕਾਰੀ ਨੂੰ ਸੰਸੂਚਿਤ ਨਹੀਂ ਕੀਤੇ ਜਾਂਦੇ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ।

10. (1) ਵਾਈਸ-ਚਾਂਸਲਰ, ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਪੰਜ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ ਅਤੇ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਤਿੰਨ ਸਾਲ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ: ਵਾਈਸ-ਚਾਂਸਲਰ।

ਪਰੰਤੂ ਵਾਈਸ-ਚਾਂਸਲਰ ਆਪਣੀ ਅਉਧ ਦੇ ਗੁਜ਼ਰਨ ਤੋਂ ਬਾਅਦ ਵੀ ਉਦੋਂ ਤੱਕ ਅਹੁਦਾ ਧਾਰਨ ਰੱਖੇਗਾ ਜਦੋਂ ਤੱਕ ਕਿ ਨਵਾਂ ਵਾਈਸ-ਚਾਂਸਲਰ ਹਾਜ਼ਰ ਨਹੀਂ

ਹੁੰਦਾ, ਪਰੰਤੂ ਕਿਸੇ ਵੀ ਮਾਮਲੇ ਵਿੱਚ, ਇਹ ਮੁੱਦਤ ਇੱਕ ਸਾਲ ਤੋਂ ਵੱਧ ਨਹੀਂ ਹੋਵੇਗੀ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਸਿਰਜੀ ਜਾਂ ਗਠਤ ਕੀਤੀ ਗਈ ਇਸ ਦੇ ਬਰਾਬਰ ਦੀ ਬੌਡੀ ਦੁਆਰਾ ਉਲਿਖਤ ਕੀਤੀਆਂ ਗਈਆਂ ਅਜਿਹੀਆਂ ਯੋਗਤਾਵਾਂ ਨਾ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਤਕਮੀਲ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੇ ਗੈਰ-ਹਾਜ਼ਰੀ ਦੀ ਸੂਰਤ ਵਿੱਚ, ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਨਿਯੁਕਤ ਕੀਤਾ ਜਾਵੇਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਪ੍ਰੋ ਵਾਈਸ-ਚਾਂਸਲਰ।

11. (1) ਪ੍ਰੋ ਵਾਈਸ-ਚਾਂਸਲਰ ਨੂੰ ਚਾਂਸਲਰ ਦੁਆਰਾ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਵਾਈਸ-ਚਾਂਸਲਰ ਦੀ ਗੈਰ-ਹਾਜ਼ਰੀ ਵਿੱਚ, ਪ੍ਰੋ ਵਾਈਸ-ਚਾਂਸਲਰ ਵਿੱਤ ਕਮੇਟੀ ਦਾ ਚੇਅਰਪਰਸਨ ਹੋਵੇਗਾ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਰਤੱਵ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ।

12. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਸਿਰਜੀ ਜਾਂ ਗਠਤ ਇਸ ਦੇ ਬਰਾਬਰ ਦੀ ਬੌਡੀ ਦੁਆਰਾ ਉਲਿਖਤ ਕੀਤੀਆਂ ਗਈਆਂ ਅਜਿਹੀਆਂ ਯੋਗਤਾਵਾਂ ਨਾ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜ਼ਾਂ ਜਾਂ ਰਿਕਾਰਡ ਨੂੰ ਪ੍ਰਮਾਣਿਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

13. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ ਜਦੋਂ ਤੱਕ ਉਹ ਚਾਰਟਰਡ ਲੇਖਾਕਾਰ ਨਹੀਂ ਹੈ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਹੋਰ ਅਧਿਕਾਰੀ।

14. (1) ਯੂਨੀਵਰਸਿਟੀ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਜਿਵੇਂ ਜ਼ਰੂਰੀ ਸਮਝਦੀ ਹੋਵੇ, ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

15. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(i) ਸ਼ਾਸ਼ਕ ਬੌਡੀ;

(ii) ਪ੍ਰਬੰਧ-ਬੋਰਡ;

(iii) ਅਕਾਦਮਿਕ ਕੌਂਸਲ;

(iv) ਵਿੱਤ ਕਮੇਟੀ; ਅਤੇ

(v) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

ਸ਼ਾਸਕ ਬੌਡੀ।

16. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਚਾਂਸਲਰ; | ਚੇਅਰਮੈਨ |
| (ii) | ਵਾਈਸ-ਚਾਂਸਲਰ; | ਮੈਂਬਰ |
| (iii) | ਪ੍ਰੋ ਵਾਈਸ-ਚਾਂਸਲਰ; | ਮੈਂਬਰ |
| (iv) | ਫਾਊਂਡੇਸ਼ਨਾਂ ਦੁਆਰਾ ਚੁਣੇ ਗਏ ਇਸ ਦੇ ਪੰਜ ਮੈਂਬਰ; | ਮੈਂਬਰ |
| (v) | ਫਾਊਂਡੇਸ਼ਨਾਂ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਉੱਘੇ ਮਾਹਿਰ, ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਵਿੱਚੋਂ ਇੱਕ ਇੱਕ; | ਮੈਂਬਰ |
| (vi) | ਫਾਊਂਡੇਸ਼ਨਾਂ ਦੁਆਰਾ ਨਾਮਜ਼ਦ ਕੀਤੇ ਗਏ ਦੋ ਉੱਘੇ ਅਕਾਦਮਿਕ ਵਿਅਕਤੀ; | ਮੈਂਬਰ |

(vii) ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; ਅਤੇ — ਮੈਂਬਰ

(viii) ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ, ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ। — ਮੈਂਬਰ

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(i) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ii) ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(iii) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(iv) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ;

(v) ਜੇ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਕਿ ਸਾਰੇ ਯਤਨਾਂ ਦੇ ਬਾਵਜੂਦ ਯੂਨੀਵਰਸਿਟੀ ਦਾ ਸੁਚਾਰੂ ਕੰਮਕਾਜ ਸੰਭਵ ਨਹੀਂ ਰਹਿੰਦਾ, ਤਾਂ ਫਾਊਂਡੇਸ਼ਨਾਂ ਨੂੰ ਯੂਨੀਵਰਸਿਟੀ ਦਾ ਸਵੈ-ਇੱਛਤ ਸਮਾਪਣ ਕਰਨ ਦੀ ਸਿਫ਼ਾਰਸ਼ ਕਰਨੀ; ਅਤੇ

(vi) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ, ਜਿਵੇਂ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਜਾਣ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

ਪ੍ਰਬੰਧ-ਬੋਰਡ।

17. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

(i) ਚਾਂਸਲਰ ਜਾਂ ਉਸ ਦਾ ਨਾਮਜ਼ਦ; — ਚੇਅਰਪਰਸਨ

(ii) ਵਾਈਸ-ਚਾਂਸਲਰ; — ਮੈਂਬਰ

(iii) ਪ੍ਰੋ ਵਾਈਸ-ਚਾਂਸਲਰ; — ਮੈਂਬਰ

| | | |
|---|---|---|
| (iv) | ਡੀਨ ਅਕਾਦਮਿਕ ਕਾਰ-ਵਿਹਾਰ; | ਮੈਂਬਰ |
| (v) | ਫਾਊਂਡੇਸ਼ਨਾਂ ਦੁਆਰਾ ਨਾਮਜ਼ਦ ਕੀਤੇ ਗਏ ਸ਼ਾਸਕ ਬੌਡੀ ਦੇ ਦੋ ਮੈਂਬਰ; | |
| (vi) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਸਬੰਧੀ, ਸਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; | ਮੈਂਬਰ |
| (vii) | ਫਾਊਂਡੇਸ਼ਨਾਂ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਫਾਊਂਡੇਸ਼ਨਾਂ ਦੇ ਮੈਂਬਰ ਨਹੀਂ ਹਨ; | ਮੈਂਬਰ |
| (viii) | ਫਾਊਂਡੇਸ਼ਨਾਂ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ | ਮੈਂਬਰ |
| (ix) | ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। | ਮੈਂਬਰ |

(2) ਪ੍ਰਬੰਧ-ਬੋਰਡ ਦੀਆਂ ਅਜਿਹੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

18. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

| | | |
|---|---|---|
| (i) | ਵਾਈਸ-ਚਾਂਸਲਰ; | ਚੇਅਰਪਰਸਨ |
| (ii) | ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ | ਮੈਂਬਰ |
| (iii) | ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। | ਮੈਂਬਰ |

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਵਿੱਤ ਕਮੇਟੀ।

19. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਵਾਈਸ-ਚਾਂਸਲਰ; | ਚੇਅਰਪਰਸਨ |
| (ii) | ਡੀਨ ਅਕਾਦਮਿਕ ਕਾਰ-ਵਿਹਾਰ; | ਮੈਂਬਰ |
| (iii) | ਰਜਿਸਟਰਾਰ; | ਮੈਂਬਰ |
| (iv) | ਵਿਭਾਗਾਂ ਦੇ ਮੁੱਖੀਆਂ ਵਿੱਚੋਂ ਦੋ ਵਿਅਕਤੀ ਵਾਰੀਆਂ ਦੁਆਰਾ; | ਮੈਂਬਰ |
| (v) | ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ | ਮੈਂਬਰ |
| (vi) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। | ਮੈਂਬਰ-ਸਕੱਤਰ |

ਵਿੱਤ ਕਮੇਟੀ ਦੇ ਕਾਜਕਾਰ।

20. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਸਬੰਧੀ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਸਬੰਧੀ ਨੋਟ ਨਾਲ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤੇ ਗਏ ਬਜਟ ਨੂੰ ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

21. ਇਸ ਐਕਟ ਦੀ ਧਾਰਾ 15 ਦੇ ਖੰਡ (v) ਅਧੀਨ ਅਥਾਰਟੀਆਂ ਦਾ ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਪ੍ਰਵਿਧਾਨਾਂ ਵਿੱਚ ਉਪਬੰਧਤ ਕੀਤਾ ਜਾਵੇ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

22. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਹੋਣ ਦੇ ਨਾਕਾਬਲ ਹੋ ਜਾਵੇਗਾ, ਜੇ ਉਹ,-

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(iv) ਕਿਸੇ ਰੂਪ ਵਿੱਚ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਪ੍ਰਫੁੱਲਤ ਕਰਨ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।

23. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

24. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

ਕਮੇਟੀਆਂ।

25. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾਣ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਪ੍ਰਵਿਧਾਨਾਂ ਦੀ ਸੋਧ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗੀ।

(2) ਪ੍ਰਵਿਧਾਨ ਜਾਂ ਉਨਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਕਰਨ ਲਈ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ, ਪ੍ਰੋ ਵਾਈਸ-ਚਾਂਸਲਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਜ਼ਾਬਤਾ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਅਤੇ ਉਨ੍ਹਾਂ ਨੂੰ ਵਜ਼ੀਫ਼ੇ ਅਤੇ ਫੈਲੋਸ਼ਿਪਾਂ ਪ੍ਰਦਾਨ ਕਰਨਾ;

(ix) ਦਾਖ਼ਲਿਆਂ ਦੀ ਨੀਤੀ, ਜਿਸ ਵਿੱਚ ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨਾ ਸ਼ਾਮਲ ਹੈ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਇਸ ਐਕਟ ਅਧੀਨ ਹੋਰ ਸਾਰੇ ਮਾਮਲੇ ਜਿਨ੍ਹਾਂ ਲਈ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ

ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ, ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਆਰਡੀਨੈਂਸ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਕਰ ਸਕੇਗੀ, ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਕਰਨ ਲਈ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ,ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਨ੍ਹਾਂ ਨੂੰ ਅਜਿਹੇ ਰੂਪ ਵਿੱਚ ਦਰਜ ਕਰਨਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਯੂਨੀਵਰਸਿਟੀ ਦੁਆਰਾ ਦਿੱਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ, ਇਨ੍ਹਾਂ ਲਈ ਯੋਗਤਾਵਾਂ ਅਤੇ ਇਹਨਾਂ ਨੂੰ ਦੇਣ ਅਤੇ ਪ੍ਰਾਪਤ ਕਰਨ ਲਈ ਅਪਣਾਇਆ ਜਾਣ ਵਾਲਾ ਜ਼ਾਬਤਾ;

(iv) ਯੂਨੀਵਰਸਿਟੀ ਅਤੇ ਇਸ ਨਾਲ ਸੰਬੱਧਤ ਸੰਸਥਾਵਾਂ ਵਿੱਚ ਵੱਖ-ਵੱਖ ਕੋਰਸਾਂ ਦੇ ਅਧਿਐਨ ਲਈ ਪ੍ਰੀਖਿਆਵਾਂ, ਡਿਗਰੀਆਂ, ਡਿਪਲੋਮਿਆਂ ਦੇ ਦਾਖ਼ਲੇ ਲਈ ਅਤੇ ਯੂਨੀਵਰਸਿਟੀ ਦੇ ਸਰਟੀਫਿਕੇਟਾਂ ਲਈ, ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਪ੍ਰਦਰਸ਼ਨੀਆਂ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ, ਨਿਯੁਕਤੀ ਦਾ ਤਰੀਕਾ ਅਤੇ ਕਰਤੱਵਾਂ ਬਾਰੇ ਕੀਤੇ ਉਪਬੰਧ ਸ਼ਾਮਲ ਹਨ;

(vii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਅਨੁਸ਼ਾਸ਼ਨ ਬਣਾਈ ਰੱਖਣਾ;

(viii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(ix) ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੇ ਉਪਲੱਭਤਾ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(x) ਯੂਨੀਵਰਸਿਟੀ ਦੁਆਰਾ ਸਥਾਪਤ ਜਾਂ ਸੰਭਾਲੇ ਜਾਂਦੇ ਕਾਲਜਾਂ ਅਤੇ ਹੋਰ ਸੰਸਥਾਵਾਂ ਦਾ ਪ੍ਰਬੰਧਨ;

(xi) ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਲਜਾਂ ਅਤੇ ਹੋਰ ਸੰਸਥਾਵਾਂ ਦੀ ਨਿਗਰਾਨੀ ਅਤੇ ਨਿਰੀਖਣ; ਅਤੇ

(xii) ਉਹ ਸਾਰੇ ਹੋਰ ਮਾਮਲੇ ਜਿਨ੍ਹਾਂ ਲਈ ਇਸ ਐਕਟ ਜਾਂ ਪ੍ਰਵਿਧਾਨਾਂ ਅਧੀਨ ਆਰਡੀਨੈਂਸਾਂ ਦੁਆਰਾ ਉਪਬੰਧ ਕੀਤੇ ਜਾਣੇ ਲੋੜੀਂਦੇ ਹਨ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

28. ਯੂਨੀਵਰਸਿਟੀ ਦੀ ਕੋਈ ਅਥਾਰਟੀ ਇਸ ਐਕਟ, ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੇ ਉਪਬੰਧਾਂ ਦੇ ਸੰਗਤ ਹੇਠ-ਲਿਖਿਆਂ ਲਈ ਵਿਨਿਯਮ ਬਣਾ ਸਕੇਗੀ,-

(i) ਇਸ ਦੀਆਂ ਇਕੱਤਰਤਾਵਾਂ ਵਿੱਚ ਪਾਲਣਾ ਕੀਤਾ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਯਤ ਕਰਨਾ;

(ii) ਇਸ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਰੀਕਾਂ ਅਤੇ ਇਕੱਤਰਤਾਵਾਂ ਵਿੱਚ ਵਿਚਾਰੇ ਜਾਣ ਵਾਲੇ ਕਾਰਜਾਂ ਦਾ ਨੋਟਿਸ ਦੇਣਾ, ਅਤੇ ਇਕੱਤਰਤਾਵਾਂ ਦੀਆਂ ਕਾਰਵਾਈਆਂ ਦਾ ਰਿਕਾਰਡ ਰੱਖਣਾ; ਅਤੇ

(iii) ਸਾਰੇ ਮਾਮਲਿਆਂ ਦਾ ਉਪਬੰਧ ਕਰਨਾ, ਜੋ ਇਸ ਐਕਟ, ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਦੁਆਰਾ, ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣੇ ਹਨ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

29. (1) ਯੂਨੀਵਰਸਿਟੀ ਅਜਿਹੀ ਕੋਈ ਵੀ ਡਿਗਰੀ ਦੇਣ ਤੋਂ ਵਰਜਿਤ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਪ੍ਰਾਈਵੇਟ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ।

30. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,–

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਸਲਾਹਕਾਰੀ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ; ਅਤੇ

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਰੋਤ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ।

(2) ਆਮ ਫੰਡ ਦੀ ਹੇਠ-ਲਿਖੇ ਪ੍ਰਯੋਜਨਾਂ ਲਈ ਵਰਤੋਂ ਹੋਵੇਗੀ, ਅਰਥਾਤ:–

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ, ਜਿਸ ਵਿੱਚ ਉਸ ਦੇ ਵਿਆਜ਼ ਖਰਚੇ ਵੀ ਸ਼ਾਮਲ ਹਨ, ਦੀ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨ-ਧਾਮ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਦੀ ਪੂਰਤੀ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਲਾਭ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾਸ਼ਿੱਪਾਂ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖਰਚਿਆਂ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਇਸ ਤਰ੍ਹਾਂ ਕਿਸੇ ਹੋਰ ਸਰਗਰਮੀਆਂ ਦੇ ਸਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਫਾਊਂਡੇਸ਼ਨਾਂ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਲਏ ਗਏ ਕਰਜ਼ਿਆਂ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਵਾਪਸ ਅਦਾਇਗੀ ਕਰਨ ਲਈ ਅਤੇ ਪੂੰਜੀ ਦੇ ਖਰਚੇ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਸਲਾਹਕਾਰੀ ਦੇ ਕੰਮ ਨਾਲ ਸਬੰਧਤ ਚਾਰਜਾਂ ਅਤੇ ਖਰਚਿਆਂ ਦੀ ਅਦਾਇਗੀ ਲਈ; ਅਤੇ

(ਛ) ਫਾਊਂਡੇਸ਼ਨਾਂ ਦੁਆਰਾ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

ਹੋਰ ਫ਼ੰਡ। 31. ਯੂਨੀਵਰਸਿਟੀ ਕੋਲ ਅਜਿਹੇ ਹੋਰ ਫ਼ੰਡ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

32. ਯੂਨੀਵਰਸਿਟੀ, ਕਿਸੇ ਵੀ ਪ੍ਰਯੋਜਨਾਂ ਲਈ, ਕਿਸੇ ਬੈਂਕ ਜਾਂ ਵਿੱਤੀ ਸੰਸਥਾ ਜਾਂ ਭਾਰਤ ਅਤੇ ਬਦੇਸ਼ ਦੇ ਕਿਸੇ ਹੋਰ ਸੋਮੇ ਤੋਂ ਧਨ ਉਧਾਰ ਲੈ ਸਕਦੀ ਹੈ। ਉਧਾਰ ਲੈਣ ਦੀ ਸ਼ਕਤੀ।

33. ਯੂਨੀਵਰਸਿਟੀ ਦੇ ਸਾਰੇ ਫੰਡ ਅਜਿਹੇ ਤਰੀਕੇ ਨਾਲ ਪ੍ਰਬੰਧਤ ਕੀਤੇ ਜਾਣਗੇ, ਜਿਵੇਂ ਮੁਕੱਰਰ ਕੀਤਾ ਜਾਵੇ। ਫੰਡਾਂ ਦਾ ਪ੍ਰਬੰਧ।

34. ਯੂਨੀਵਰਸਿਟੀ ਦੀ ਆਮਦਨ ਅਤੇ ਖਰਚੇ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ ਅਤੇ ਉਹ ਖਾਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵੱਲੋਂ ਸਾਲ ਵਿੱਚ ਇੱਕ ਵਾਰੀ ਸ਼ਾਸਕ ਬੌਡੀ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ। ਸਲਾਨਾ ਆਡਿਟ।

35. ਯੂਨੀਵਰਸਿਟੀ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸਮੇਤ ਯੂਨੀਵਰਸਿਟੀ ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਆਰਜ਼ੀ ਅਨੁਸੂਚੀ ਤਿਆਰ ਕਰੇਗੀ ਅਤੇ ਛਪਵਾਏਗੀ ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ। ਪ੍ਰੀਖਿਆਵਾਂ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਦਾ ਮਤਲਬ ਹੈ ਹਰੇਕ ਪੇਪਰ ਦੇ ਅਰੰਭ ਦੇ ਸਮੇਂ, ਦਿਨ ਅਤੇ ਤਰੀਕ ਬਾਰੇ ਵੇਰਵੇ ਦਿੰਦੀ ਸਮਾਂ-ਸਾਰਣੀ, ਜਿਹੜੀ ਪ੍ਰੀਖਿਆਵਾਂ ਦੀ ਸਕੀਮ ਦਾ ਹਿੱਸਾ ਹੈ ਜਿਸ ਵਿੱਚ ਵਿਵਹਾਰਕ ਪ੍ਰੀਖਿਆਵਾਂ ਅਤੇ ਜ਼ੁਬਾਨੀ ਪ੍ਰੀਖਿਆਵਾਂ, ਜੇ ਕੋਈ ਹੋਣ, ਸ਼ਾਮਲ ਹਨ।

36. (1) ਯੂਨੀਵਰਸਿਟੀ, ਉਸ ਦੁਆਰਾ ਵਿਸ਼ੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਅਤੇ ਕਿਸੇ ਵੀ ਹਾਲਤ ਵਿੱਚ, ਦਰਸਾਈ ਗਈ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ। ਨਤੀਜਿਆਂ ਦਾ ਐਲਾਨ ਕਰਨਾ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨੂੰ ਨਹੀਂ ਅਪਣਾਇਆ ਗਿਆ।

37. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰੇਕ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕਿਸੇ ਹੋਰ ਅਕਾਦਮਿਕ ਉਪਾਧੀਆਂ ਦੇਣ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਅਜਿਹੇ ਤਰੀਕੇ ਅਨੁਸਾਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ। ਕਨਵੋਕੇਸ਼ਨ।

38. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਸਬੰਧ ਵਿੱਚ ਕੋਈ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਉਹ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ। ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।

ਫਾਊਂਡੇਸ਼ਨਾਂ ਦੁਆਰਾ ਯੂਨੀਵਰਸਿਟੀ ਨੂੰ ਸਮਾਪਤ ਕਰਨ ਦਾ ਮਤਾ।

39. (1) ਜੇ ਫਾਊਂਡੇਸ਼ਨ ਇਸ ਭਾਵ ਦਾ ਮਤਾ ਪਾਸ ਕਰਦੀ ਹੈ ਕਿ ਯੂਨੀਵਰਸਿਟੀ ਲਈ ਵਿੱਤੀ ਜਾਂ ਕਿਸੇ ਹੋਰ ਕਾਰਨ ਕਰਕੇ ਕਾਰਜਕਾਰ ਕਰਨਾ ਸੰਭਵ ਨਹੀਂ ਹੈ, ਤਾਂ ਉਹ ਪੰਜਾਬ ਦੇ ਰਾਜਪਾਲ ਨੂੰ ਜਾਣਕਾਰੀ ਹਿੱਤ ਪੇਸ਼ ਕੀਤਾ ਜਾਵੇਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਮਤੇ ਦੀ ਪ੍ਰਾਪਤੀ ਤੇ, ਪੰਜਾਬ ਦਾ ਰਾਜਪਾਲ ਇਸ ਦੀ ਪ੍ਰਾਪਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਮਤੇ ਤੇ ਫ਼ੈਸਲਾ ਲਵੇਗਾ ਅਤੇ ਰਾਜਪਾਲ ਦੀ ਪ੍ਰਵਾਨਗੀ ਤੇ, ਫਾਊਂਡੇਸ਼ਨ ਯੂਨੀਵਰਸਿਟੀ ਨੂੰ ਸਮਾਪਤ ਕਰਨ ਲਈ ਅੱਗੇ ਵਧੇਗੀ।

(3) ਯੂਨੀਵਰਸਿਟੀ ਦੇ ਸਮਾਪਤ ਕਰਨ ਦੀ ਸੂਰਤ ਵਿੱਚ, ਯੂਨੀਵਰਸਿਟੀ ਦੇ ਸਾਰੇ ਧਨ-ਧਾਮ ਫਾਊਂਡੇਸ਼ਨ ਨੂੰ ਇੰਤਕਾਲ ਕੀਤੇ ਜਾਣਗੇ।

ਸਲਾਨਾ ਰਿਪੋਰਟ।

40. ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਰਜਿਸਟਰਾਰ ਦੁਆਰਾ ਵਾਈਸ-ਚਾਂਸਲਰ ਦੇ ਨਿਰਦੇਸ਼ਾਂ ਅਧੀਨ ਤਿਆਰ ਕੀਤੀ ਜਾਵੇਗੀ। ਸਲਾਨਾ ਰਿਪੋਰਟ ਸ਼ਾਸਕ ਬੌਡੀ ਨੂੰ ਅਜਿਹੀ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ ਪੇਸ਼ ਕੀਤੀ ਜਾਵੇਗੀ ਜਿਵੇਂ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤਾ ਜਾਵੇ ਅਤੇ ਸ਼ਾਸਕ ਬੌਡੀ ਦੁਆਰਾ ਇਹ ਸਲਾਨਾ ਇਕੱਤਰਤਾ ਵਿੱਚ ਵਿਚਾਰੀ ਜਾਵੇਗੀ।

ਖਾਲੀ ਥਾਵਾਂ ਦੁਆਰਾ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

41. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ,-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖ਼ਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਵਿਅਕਤੀ ਦੀ ਚੋਣ, ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

42. ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ।

43. (1) ਇਸ ਐਕਟ, ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਫਾਊਂਡੇਸ਼ਨ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦੀ ਹੈ ਅਤੇ ਉਸ

ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਫਾਊਂਡੇਸ਼ਨ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੀ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦੀ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

(2) ਫਾਊਂਡੇਸ਼ਨ, ਆਪਣੇ ਵਿਵੇਕ ਅਨੁਸਾਰ, ਉਹਨਾਂ ਯੂਨੀਵਰਸਿਟੀਆਂ ਨਾਲ ਜਾਂ ਉਸ ਦੇ ਕਿਸੇ ਵੀ ਜਾਂ ਸਾਰੇ ਸੰਸਥਾਨਾਂ ਦੀ ਸੰਬੱਧਤਾ, ਜਿਨ੍ਹਾਂ ਨਾਲ ਉਹ ਵਰਤਮਾਨ ਵਿੱਚ ਸੰਬੱਧਤ ਹਨ, ਅਜਿਹੇ ਸਮੇਂ ਤੱਕ ਜਦੋਂ ਤੱਕ ਯੂਨੀਵਰਸਿਟੀ ਉਨ੍ਹਾਂ ਦੀ ਸੰਬੱਧਤਾ ਆਪਣੇ ਹੱਥ ਵਿੱਚ ਲੈਣ ਲਈ ਤਿਆਰ ਨਹੀਂ ਹੋ ਜਾਂਦੀ, ਜਾਰੀ ਰੱਖ ਸਕਦੀ ਹੈ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

44. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਜੋ ਉਹ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਸਮਝਦੀ ਹੋਵੇ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਤੋਂ ਪਿੱਛੋਂ ਇਸ ਧਾਰਾ ਅਧੀਨ ਕੋਈ ਵੀ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਨਿਰਸਨ ਅਤੇ ਬਚਾਉ।

45. (1) ਦੇਸ਼ ਭਗਤ ਯੂਨੀਵਰਸਿਟੀ ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ: 5) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐਸ. ਤੇਜੀ,**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3609/1-2026/Pb. Govt. Press, S.A.S. Nagar*